


# ਮਹਿਕ-ਏ-ਵਤਨ

# MehakEwattan

Fortnightly Newspaper



**Hardev Brar**
Chief Editor

• Vol-II • Issue- 11 • Phone : +64,274-427-338 +64 9 3900004 • www.mehakewattan.com • November 2024



**06** Spian 'ਚ ਫਲੋਦ ਨੇ ਮਚਾਈ ਤਬਾਹੀ, 100 ਦੇ ਕਰੀਬ ਮੌਤਾਂ



**09** ਪਰਗਣ ਤੇਜੀ





**12** Trump ਨੇ ਚਲਾਇਆ ਕੂੜੇ ਵਾਲਾ ਟਰੱਕ, ਬਾਈਡੇਨ ਦੀ ਟਿੱਪਣੀ ਦਾ ਕਰਾਰਾ ਜਵਾਬ





**15** ਭਾਰਤ ਨੇ ਨਿਊਜ਼ੀਲੈਂਡ ਨੂੰ 6 ਵਿਕਟਾਂ ਨਾਲ ਹਰਾਇਆ




## ਆਸਟ੍ਰੇਲੀਅਨ ਪ੍ਰਧਾਨ ਮੰਤਰੀ ਨੇ ਸਵੱਛ ਊਰਜਾ ਪ੍ਰੋਜੈਕਟਾਂ ਲਈ ਨਵੀਂ ਫੰਡਿੰਗ ਦੀ ਕੀਤੀ ਘੋਸ਼ਣਾ



ਕੈਨਬਰਾ - ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਦੇਸ਼ ਦੇ ਪੂਰਬੀ ਤੱਟ 'ਤੇ ਦੋ ਸਵੱਛ ਊਰਜਾ ਪ੍ਰੋਜੈਕਟਾਂ ਲਈ ਫੰਡ ਦੇਣ ਦਾ ਵਾਅਦਾ ਦੁਹਰਾਇਆ।ਅਲਬਾਨੀਜ਼ ਨੇ ਮੰਗਲਵਾਰ ਨੂੰ ਨਿਊ ਸਾਊਥ ਵੇਲਜ਼ (NSW) ਅਤੇ ਵਿਕਟੋਰੀਆ ਦੇ ਪੂਰਬੀ ਤੱਟ ਰਾਜਾਂ ਵਿੱਚ ਪ੍ਰੋਜੈਕਟਾਂ ਲਈ ਸੰਯੁਕਤ ਫੈਡਰਲ ਸਰਕਾਰ ਫੰਡਿੰਗ ਵਿੱਚ 50 ਮਿਲੀਅਨ ਆਸਟ੍ਰੇਲੀਅਨ ਡਾਲਰ (32.8 ਮਿਲੀਅਨ ਡਾਲਰ) ਦੀ ਘੋਸ਼ਣਾ ਕੀਤੀ।

ਸਿਨਹੂਆ ਨਿਊਜ਼ ਏਜੰਸੀ ਦੀ ਰਿਪੋਰਟ ਮੁਤਾਬਕ ਇਸ ਪੈਕੇਜ ਵਿੱਚ ਂਸ਼ਾਂ ਦੇ ਨਿਊਕੈਸਲ ਸ਼ਹਿਰ ਵਿੱਚ ਨੈੱਟ ਜ਼ੀਰੋ ਮੈਨੂਫੈਕਚਰਿੰਗ ਸੈਂਟਰ ਆਫ਼ ਐਕਸੀਲੈਂਸ ਦੀ ਸਥਾਪਨਾ ਲਈ 33.3 ਮਿਲੀਅਨ ਆਸਟ੍ਰੇਲੀਅਨ ਡਾਲਰ (21.8 ਮਿਲੀਅਨ ਡਾਲਰ) ਸ਼ਾਮਲ ਹਨ। ਨਾਲ ਹੀ ਰਾਜ ਸਰਕਾਰ ਨੇ ਵੀ ਪ੍ਰੋਜੈਕਟ ਵਿੱਚ 28.1 ਮਿਲੀਅਨ ਆਸਟ੍ਰੇਲੀਅਨ ਡਾਲਰ (18.4 ਮਿਲੀਅਨ ਡਾਲਰ) ਦਾ ਯੋਗਦਾਨ ਪਾਇਆ ਹੈ।ਅਲਬਾਨੀਜ਼ ਨੇ ਇੱਕ ਬਿਆਨ ਵਿੱਚ ਕਿਹਾ ਕਿ ਕੇਂਦਰ ਆਸਟ੍ਰੇਲੀਅਨ ਕਾਮਿਆਂ ਨੂੰ ਉੱਨਤ ਹੁਨਰਾਂ ਵਿੱਚ ਸਿਖਲਾਈ ਦੇਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਏਗਾ।

ਬਾਕੀ ਬਚੇ 17 ਮਿਲੀਅਨ ਆਸਟ੍ਰੇਲੀਅਨ ਡਾਲਰ (11.1 ਮਿਲੀਅਨ ਡਾਲਰ) ਉੱਤਰ-ਪੂਰਬੀ ਵਿਕਟੋਰੀਅਨ ਸ਼ਹਿਰ ਵੋਡੋਂਗਾ ਵਿੱਚ ਆਸਟ੍ਰੇਲੀਆ ਦੇ ਪਹਿਲੇ ਵਪਾਰਕ ਕੇਂਦਰਿਤ ਸੂਰਜੀ ਥਰਮਲ ਹੀਟ ਪਲਾਂਟ ਵੱਲ ਜਾਣਗੇ। ਇਹ ਪ੍ਰੋਜੈਕਟ ਆਸਟ੍ਰੇਲੀਆ ਵਿੱਚ ਸੂਰਜੀ ਊਰਜਾ ਦੀ ਵਰਤੋਂ ਨੂੰ ਬਿਜਲੀ ਉਤਪਾਦਨ ਤੋਂ ਅੱਗੇ ਵਧਾ ਕੇ ਤਾਪ ਉਤਪਾਦਨ ਤੱਕ ਵਧਾਏਗਾ। ਸਰਕਾਰ ਅਨੁਸਾਰ 18-ਮੈਗਾਵਾਟ (MW) ਥਰਮਲ ਪਲਾਂਟ ਨਿਰਮਾਣ ਸਹੂਲਤ ਦੁਆਰਾ ਗੈਸ ਦੀ ਵਰਤੋਂ ਨੂੰ ਅੱਧਾ ਕਰ ਦੇਵੇਗਾ ਜਿੱਥੇ ਇਹ ਬਣਾਇਆ ਜਾ ਰਿਹਾ ਹੈ। ਵੋਡੋਂਗਾ ਪ੍ਰੋਜੈਕਟ ਲਈ ਫੈਡਰਲ ਫੰਡਿੰਗ ਆਸਟ੍ਰੇਲੀਅਨ ਰੀਨਿਊਏਬਲ ਐਨਰਜੀ ਏਜੰਸੀ (ARENA) ਤੋਂ ਆਵੇਗੀ, ਜਿਸਦੀ ਸਥਾਪਨਾ 2012 ਵਿੱਚ ਆਸਟ੍ਰੇਲੀਆਈ ਨਵਿਆਉਣਯੋਗ ਊਰਜਾ ਪ੍ਰੋਜੈਕਟਾਂ ਦੀ ਸਪਲਾਈ ਅਤੇ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਕੀਤੀ ਗਈ ਸੀ।

## ਟਾਕਾਨਿਨੀ ਗੁਰਦੁਆਰਾ ਸਾਹਿਬ ਵਿਖੇ ਹੋਏ ਨਤਮਸਤਕ ਹੋਏ ਨਿਊਜ਼ੀਲੈਂਡ ਦੇ ਮੰਤਰੀ ਕ੍ਰਿਸ ਪੇਂਕ ਅਤੇ ਐਮਪੀ ਰੀਮਾ ਨਾਖਲ



ਨਿਊਜ਼ੀਲੈਂਡ ਇਮੀਗ੍ਰੇਸ਼ਨ ਦੇ ਐਸੋਸੀਏਟ ਮੰਤਰੀ ਕ੍ਰਿਸ ਪੇਂਕ, ਤੇ ਐਮਪੀ ਗਰੇਗ ਫਲੇਮਿੰਗ, ਐਮਪੀ ਰੀਮਾ ਨਾਖਲੇ ਅਤੇ ਕੌਂਸਲਰ ਡੇਨੀਅਲ ਨਿਊਮੈਨ ਮੰਗਲਵਾਰ ਨੂੰ ਗੁਰਦੁਆਰਾ ਕਲਗੀਧਰ ਸਾਹਿਬ ਟਾਕਾਨਿਨੀ ਵਿਖੇ ਨਤਮਸਤਕ ਹੋਏ ਹਨ। ਇਸ ਮੌਕੇ ਮੈਟ ਰੌਬਸਨ ਅਤੇ ਦਲਜੀਤ ਸਿੰਘ ਵੀ ਮੌਜੂਦ ਸਨ। ਦੱਸ ਦੇਈਏ ਸਾਰੇ ਆਗੂ ਗੁਰੂਘਰ ਵਿਖੇ ਕਰੀਬ 2 ਘੰਟੇ ਮੌਜੂਦ ਰਹੇ ਤੇ ਉਨ੍ਹਾਂ ਵਿਆਪਕ ਭਾਈਚਾਰੇ ਨਾਲ ਸਬੰਧਿਤ ਵੱਖ-ਵੱਖ ਮੁੱਦਿਆਂ ਵੱਖ-ਵੱਖ ਚਿੰਤਾਵਾਂ 'ਤੇ ਚਰਚਾ ਵੀ ਕੀਤੀ।

ਉੱਥੇ ਹੀ ਮੰਤਰੀ ਪੇਂਕ ਨੇ ਸਪੋਰਟਸ ਕੰਪਲੈਕਸ, ਚਾਈਲਡ ਕੇਅਰ ਸੈਂਟਰ, ਸਕੂਲ ਅਤੇ ਗੁਰਦੁਆਰਿਆਂ ਸਮੇਤ ਸਮੁਦਾਏ ਦੀਆਂ ਵਿਸਤ੍ਰਿਤ ਸਹੂਲਤਾਂ ਦੀ ਪ੍ਰਸ਼ੰਸਾ ਵੀ ਕੀਤੀ। ਮੰਤਰੀ ਨੇ ਭੋਜਨ ਪਾਰਸਲਾਂ ਦੇ ਨਾਲ ਵਿਆਪਕ ਭਾਈਚਾਰੇ ਦੀ ਸਹਾਇਤਾ ਕਰਨ ਲਈ ਟੀਮ SSSNZ ਦੇ ਯਤਨਾਂ ਦੀ ਵੀ ਸ਼ਲਾਂਘਾ ਕੀਤੀ।

ਇਸ ਦੌਰਾਨ ਸੋਸਾਇਟੀ ਟਕਸਾਲੀ ਗੁਰਦੁਆਰਾ ਸਾਹਿਬਾਨ, ਖਜ਼ਾਨਚੀ ਮਨਜਿੰਦਰ ਸਿੰਘ, ਚੇਅਰਪਰਸਨ ਸਤਨਾਮ ਸਿੰਘ ਅਤੇ ਕਰਤਾਰ ਸਿੰਘ ਵੀ ਹਾਜ਼ਰ ਸਨ। ਦੋ ਘੰਟੇ ਦੇ ਦੌਰੇ ਮਗਰੋਂ ਮੰਤਰੀ ਨੂੰ ਇੱਕ ਸਨਮਾਨ ਚਿਨ੍ਹ ਵੀ ਭੇਟ ਕੀਤਾ ਗਿਆ।


Rubal Singh

Ray White





No. 1
RAY WHITE MANUKAU
2020-2021

Rubal Singh
021 333 350
rubal.singh@raywhite.com
www.rubalsingh.co.nz

Ray White Manukau | AT Realty Limited Licensed (REAA 2008)


## ਬੰਦੀ ਛੋੜ ਦਿਵਸ ਨੂੰ ਸਮਰਪਿਤ ਟਾਕਾਨਿਨੀ ਗੁਰੂਘਰ ਵਿਖੇ ਵਿਸ਼ੇਸ਼ ਦੀਵਾਨ




ਆਕਲੈਂਡ - ਟਾਕਾਨਿਨੀ ਗੁਰੂਘਰ ਵਿਖੇ ਬੰਦੀ ਛੋੜ ਦਿਵਸ (ਦਿਵਾਲੀ) ਨੂੰ ਸਮਰਪਿਤ ਵਿਸ਼ੇਸ਼ ਦੀਵਾਨਾ ਦਾ ਦੌਰ ਕੱਲ 1 ਨਵੰਬਰ (ਦਿਨ ਸ਼ੁਕਰਵਾਰ) ਸਵੇਰ ਤੋਂ ਹੀ ਸ਼ੁਰੂ ਹੋ ਜਾਏਗਾ, ਜੋ ਦੇਰ ਸ਼ਾਮ ਤੱਕ ਜਾਰੀ ਰਹੇਗਾ। ਸ਼ਾਮ ਦੇ ਵਿਸ਼ੇਸ਼ ਦੀਵਾਨਾ ਵਿੱਚ ਪੰਥ ਪ੍ਰਸਿੱਧ ਕੀਰਤਨੀ ਜੱਥੇ ਸੇਵਾਵਾਂ ਨਿਭਾਉਣਗੇ। ਖੁੱਲੇ ਲੰਗਰਾਂ ਦਾ ਪ੍ਰਵਾਹ ਸਾਰਾ ਦਿਨ ਜਾਰੀ ਰਹੇਗਾ। ਹਰ ਸਾਲ ਇਸ ਮੌਕੇ ਹਜਾਰਾਂ ਦੀ ਗਿਣਤੀ ਵਿੱਚ ਸੰਗਤਾਂ ਗੁਰੂਘਰ ਪੁੱਜਦੀਆਂ ਹਨ ਤੇ ਇਸ ਵਾਰ ਵੀ ਸੰਗਤਾਂ ਨੂੰ ਵੱਡੀ ਗਿਣਤੀ ਵਿੱਚ ਗੁਰੂਘਰਾਂ ਵਿੱਚ ਪੁੱਜਣ ਦੀ ਬੇਨਤੀ।


MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz



ਸੁਪਰੀਮ ਸਿੱਖ ਸੁਸਾਇਟੀ ਨਿਊਜ਼ੀਲੈਂਡ ਦੇ ਬੁਲਾਰੇ ਸਰਦਾਰ ਦਲਜੀਤ ਸਿੰਘ ਵੱਲੋਂ ਪੂਰੇ ਸਿੱਖ ਭਾਈਚਾਰੇ ਅਤੇ ਸਮੂਹ ਨਗਰ ਨਿਵਾਸੀਆਂ ਨੂੰ ਦਿਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ। ਇਹ ਤਿਓਹਾਰ ਸਭ ਲਈ ਖੁਸੀਆਂ ਭਰਿਆ ਹੋਵੇ।






HOGD
HOUSE OF GOLD & DIAMOND
BY GLITTER JEWELLERS

HOUSE OF GOLD & DIAMOND



Sale on Now
on
All 22ct
Gold Jewellery



24 ਕੈਰਟ ਗੋਲਡ ਬਿਸਕੁੱਟ ਦੀ ਸਪੈਸ਼ਲ ਕੀਮਤ ਜਾਨਣ ਲਈ ਫੋਨ ਕਰੋ।

ਇੰਸ਼ੋਰੈਂਸ ਅਤੇ ਜਿਊਲਰੀ ਰਿਪੇਅਰ ਕਰਵਾਉਣ ਵਾਸਤੇ ਵੀ ਮਿਲੋ।
ਨੋਟ: ਇਥੇ ਰਾਸ਼ੀ ਦੇ ਨਗ ਵੀ ਮਿਲਦੇ ਹਨ। ਤੁਸੀਂ ਇਥੋਂ ਵਿਆਹ ਵਾਸਤੇ ਜਾਗੋ ਵੀ ਕਿਰਾਏ ਤੇ ਲੈ ਸਕਦੇ ਹੋ।

7/214 Great South Road, (Next to ASB Bank), Manurewa, AKL
Ph: 09-218 0105, Mob: 022 440 0000
www.glittercollection.co.nz | Email: glitterjewellers@yahoo.co.nz

GTB
Horticulture Ltd
*Our Commitment - Your Relief*



ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।

Pickup & Drop Off Available

Manpreet Singh Dhaliwal
021 147 1502

Manpreet Singh Batth
020 4057 2327

Email: gtb.horticulture@gmail.com



ਅਰਵਿੰਦ ਕੇਜਰੀਵਾਲ ਕੌਮੀ ਕਨਵੀਨਰ ਆਪ



ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ



ਬਲਕਾਰ ਸਿੰਘ ਸਿੱਧੂ ਵਿਧਾਇਕ ਰਾਮਪੁਰਾ ਫੂਲ

ਆਪ ਜੀ ਨੂੰ ਦੀਵਾਲੀ, ਬੰਦੀ ਛੋੜ ਅਤੇ ਵਿਸ਼ਵਕਰਮਾ
ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ

ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਇਹ ਪਵਿੱਤਰ ਤਿਉਹਾਰ ਤੁਹਾਡੇ ਜੀਵਨ 'ਚ ਖੁਸ਼ੀਆਂ-ਖੇੜੇ ਲੈ ਕੇ ਆਵੇ।

ਪਿੰਡ ਸਿਰੀਏਵਾਲਾ ਤੋਂ ਹਰਜਿੰਦਰ ਕੌਰ ਨੂੰ ਦੂਜੀ ਵਾਰ ਵੱਡੇ ਫ਼ਰਕ ਨਾਲ
ਸਰਪੰਚ ਚੁਣਨ 'ਤੇ ਪਿੰਡ ਵਾਸੀਆਂ ਦਾ ਤਹਿ-ਦਿਲੋਂ ਧੰਨਵਾਦ।



ਯਾਦਵਿੰਦਰ ਸਿੰਘ ਪੱਪੂ
ਸਮਾਜ ਸੇਵੀ ਆਗੂ

ਸਾਡਾ ਉਦੇਸ਼ ਪਿੰਡ ਦਾ ਸਰਵਪੱਖੀ-
ਵਿਕਾਸ ਕਰਨਾ ਤੇ ਵਿਕਾਸ ਦੀ ਚੱਲ
ਰਹੀ ਲੜੀ ਨੂੰ ਨਿਰੰਤਰ ਜਾਰੀ ਰੱਖਣਾ

ਵੱਲੋਂ:
ਗ੍ਰਾਮ ਪੰਚਾਇਤ
ਸਿਰੀਏਵਾਲਾ (ਬਠਿੰਡਾ)



ਸਰਪੰਚ ਹਰਜਿੰਦਰ ਕੌਰ
ਸਿਰੀਏਵਾਲਾ

Mehak E wattan

Fortnightly Newspaper

•Issue-11 • November 2024
www.mehakewattan.com

## Mehak-E-Wattan Team

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**

Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਅਕਾਲੀ ਫੂਲਾ ਸਿੰਘ

ਲੇਖਕ: ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

-------------------------

(ਪਿਛਲੇ ਅੰਕ ਤੋਂ ਅੱਗੇ)

ਕਹਿੰਦੇ ਹਨ ਕਿ ਮਹਾਰਾਜਾ ਸਾਹਿਬ ਉਸੀ ਵਕਤ ਕੁੱਝ ਕਦਮ ਪਿੱਛੇ ਹਟਿਆ ਤੇ ਦੋਵੇਂ ਹੱਥ ਜੋੜਕੇ ਹੋ ਖਲੋਤਾ ਤੇ ਨਿੰਮਰਤਾ ਨਾਲ ਕਹਿਣ ਲੱਗਾ ਕਿ ਮੇਰੇ ਤੋਂ ਜੋ ਭੁੱਲ ਹੋਈ ਹੈ ਜੇ ਸੰਗਤ ਮਿਹਰ ਕਰੇ ਤਾਂ ਬਖ਼ਸ ਦੇਵੇ, ਮੈਂ ਸਭ ਤਰ੍ਹਾਂ ਭੁੱਲ ਬਖ਼ਸ਼ਾਉਣ ਲਈ ਤਿਆਰ ਹਾਂ! ਕਿਹਾ ਜਾਂਦਾ ਹੈ ਕਿ ਬਾਬਾ ਫੂਲਾ ਸਿੰਘ ਜੀ ਅਕਾਲੀ ਨੇ ਸੰਗਤ ਅਨੁਸਾਰ ਜੋ ਡੰਡ ਨਿਯਤ ਕੀਤਾ ਉਹ ਸੀ ਕਿ ਮਹਾਰਾਜਾ ਦੀਆਂ ਮੁਸ਼ਕਾਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਲਾਗੇ ਦੇ ਇਮਲੀ ਦੇ ਦਰਖ਼ੱਤ[1] ਨਾਲ ਕਸੀਆਂ ਜਾਣ ਤੇ ਇਸ ਦੇ ਸਰੀਰ ’ਤੇ 21 ਕੋਰੜੇ ਲਾਏ ਜਾਣ। ਇਹ ਨਜ਼ਾਰਾ ਹੁਣ ਬੜਾ ਹੀ ਅਸਚਰਜ ਸੀ। ਜਦ ਮਹਾਰਾਜਾ ਡਾਢੀ ਨਿਮਰਤਾ ਨਾਲ ਆਪਣੇ ਆਪ ਬੜੇ ਸਤਿਕਾਰ ਭਰੇ ਹਿਰਦੇ ਨਾਲ ਇਮਲੀ ਦੇ ਦਰੱਖ਼ਤ ਦੇ ਨਾਲ ਜਾ ਖੜੋਤਾ ਅਤੇ ਆਪਣੀਆਂ ਦੋਵੇਂ ਬਾਹਵਾਂ ਦਰੱਖ਼ਤ ਵੱਲ ਪਿੱਛੇ ਮੁਸ਼ਕਾਂ ਬਨ੍ਹਾਣ ਲਈ ਕਰਕੇ ਪੰਥ ਦੇ ਹੁਕਮ ਅਨੁਸਾਰ ਕੋਰੜੇ ਖਾਣ ਲਈ ਤਿਆਰ ਹੋ ਗਿਆ ਤਦ ਨਾਲ ਹੀ ਇੱਕ ਸਿੰਘ ਕੋਰੜਾ ਹੱਥ ਵਿੱਚ ਲਈ ਸ਼ੇਰਿ ਪੰਜਾਬ ਨੂੰ ਮਾਰਨ ਲਈ ਆਪਣੇ ਜ਼ੋਰਦਾਰ ਹੱਥਾਂ ਨਾਲ ਉੱਚਾ ਕਰਦਾ ਹੈ ਕਿ ਕੋਰੜੇ ਦੀ ਚੋਟ ਮਹਾਰਾਜਾ ਦੇ ਕੋਮਲ ਸਰੀਰ ’ਤੇ ਲੱਗੇ, ਹੁਣ ਠੀਕ ਇਸ ਸਮੇਂ ਜਦ ਕਿ ਸਾਰੀ ਸੰਗਤ ਦੇ ਨੇਤਰ ਮਹਾਰਾਜੇ ਦੀ ਨਿਰਮਾਨਤਾ ਤੇ ਪੰਥ ਦੇ ਹੁਕਮ ਅੱਗੇ ਝੁਕਿਆ ਦੇਖ ਕੇ ਭਰ ਆਂਵਦੇ ਹਨ ਤੇ ਸੰਗਤ ਵਿੱਚੋਂ ਅਵਾਜ਼ਾ ਆਉਂਦਾ ਹੈ-“ਗੁਰੂ ਰੂਪ ਖਾਲਸਾ ਸੀ! ਜਦ ਮਹਾਰਾਜਾ ਸਭ ਤਰ੍ਹਾਂ ਡੰਡ ਭੁਗਤਣ ਲਈ ਹਾਜ਼ਰ ਬੱਧਾ ਖੜਾ ਹੈ ਤਾਂ ਹੋਰ ਸਰੀਰਕ ਸਜ਼ਾ ਬਖ਼ਸ ਦਿੱਤੀ ਜਾਏ”। ਇਹ ਗੱਲ ਪਰਵਾਨ ਕੀਤੀ ਗਈ ਤੇ ਮਹਾਰਾਜਾ ਨੂੰ ਮੁੜ ਅੰਮ੍ਰਿਤ ਛਕਾਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿਰੋਪਾ ਬਖ਼ਸਿਆ ਗਿਆ ਤੇ ਦਰਸ਼ਨ ਲਈ ਅੰਦਰ ਵੜਨ ਦਿੱਤਾ ਗਿਆ।



ਨੌਸ਼ਹਿਰੇ ਦੀ ਲੜਾਈ ਸਮੇਂ ਇਹ ਇਸੇ ਦਾ ਕੰਮ ਸੀ ਕਿ ਮਹਾਰਾਜੇ ਨੂੰ ਸਾਫ਼ ਕਹਿ ਦਿੱਤਾ ਕਿ ਜੇ ਆਪ ਲੜਾਈ ਛੇੜਨ ਵਿੱਚ ਦੇਰੀ ਜ਼ਰੂਰੀ ਸਮਝਦੇ ਹੋ ਤਾਂ ਜੋ ਜੀ ਚਾਹੇ ਕਰੋ, ਪਰ ਅਸੀਂ ਤਾਂ ਗੁਰਮਤੇ ਦੀ ਅਟੱਲਤਾ ਲਈ ਬਰਾਬਰ ਲੜਾਂਗੇ, ਭਾਵੇ ਸੀਸ ਕਿਉਂ ਨਾ ਦੇਣਾ ਪਏ।

### ਨਿਰ ਅਭਿਮਾਨਤਾ

ਇੰਨੇ ਨਿਧੱੜਕ ਤੇ ਕਰਾਰੇ ਸੁਭਾਵ ਦੇ ਹੁੰਦਿਆਂ ਭੀ ਅਕਾਲੀ ਜੀ ਅਤਿ ਨਿਰਅਭਿਮਾਨ ਸਨ। ਅਕਸਰ ਲੜਾਈਆਂ ਵਿੱਚ ਜਦ ਕਿਸੇ ਸਿੰਘ ਨੂੰ ਰਣ ਭੂਮੀ ਵਿੱਚ ਫੱਟੜ ਦੇਖਦੇ ਤਾਂ ਆਪ ਖ਼ੁਦ ਉਸ ਨੂੰ ਉਸੀ ਵਕਤ ਆਪਣੇ ਮੋਢੇ ’ਤੇ ਉੱਠਾ ਕੇ ਡੇਰੇ ਲੈ ਆਂਵਦੇ ਤੇ ਉਸ ਦੀ ਮਲ੍ਹਮ ਪੱਟੀ ਆਪਣੇ ਹੱਥ ਨਾਲ ਕਰਦੇ ਹੁੰਦੇ ਸਨ। ਡੇਰੇ ਵਿੱਚ ਕਈ ਹਾਥੀ ਤੇ ਕੋਤਲਾਂ ਦੇ ਹੁੰਦਿਆਂ ਭੀ ਉਹ ਕਦੇ ਬਿਨਾਂ ਰਣਤੱਤੇ ਵੱਲ ਜਾਣ ਲੱਗੇ ਹਾਥੀ ਦੀ ਸਵਾਰੀ ਨਹੀਂ ਸਨ ਕਰਦੇ।

### ਸੁਧਾਰਕ

ਅਕਾਲੀ ਜੀ ਜੰਗੀ ਸੇਵਾ ਦੇ ਨਾਲ-ਨਾਲ ਗੁਰੂ ਧਾਮਾਂ ਤੇ ਪੰਥ ਦੇ ਸੁਧਾਰ ਦੇ ਕੰਮਾਂ ਤੋਂ ਕਦੇ ਬੇਪਰਵਾਹ ਨਹੀਂ ਸੀ ਰਹੇ। ਪੰਥ ਨੂੰ ਮਿਲਾਵਟ ਤੋਂ ਬਚਾਉਣ ਲਈ ਭਾਰਾ ਕੰਮ ਕੀਤਾ। ਕਈ ਵਾਰੀ ਵਿਗੜਿਆਂ ਤਿਗੜਿਆਂ ਨੂੰ ਚੰਗੀ ਤਰ੍ਹਾਂ ਬਣਾ ਕੇ ਸੋਧਿਆ ਕਰਦੇ ਸਨ। ਜਦ ਕਈ ਆਪ ਨੂੰ ਯੁੱਧ ਜੰਗ ਤੋਂ ਜ਼ਰਾ ਭੀ ਵਿਹਲ ਮਿਲਦੀ ਤਾਂ ਆਪ ਉਸੇ ਵਕਤ ਗੁਰਦੁਆਰਿਆਂ ਤੇ ਪੰਥ ਵਿੱਚੋਂ ਕੁਰੀਤੀਆਂ ਦੂਰ ਕਰਨ ਤੇ ਸੁਰੀਤੀਆਂ ਫੈਲਾਉਣ ਵਿੱਚ ਜੁੱਟ ਜਾਂਦੇ ਸਨ। ਮਹਾਰਾਜੇ ਦੇ ਅਨਮਤੀ ਦਰਬਾਰੀਆਂ ਦੇ ਵਿਗਾੜ ਦਾ ਮੂਲ ਕਾਰਨ ਇਹੋ ਹੀ ਸੀ, ਜਿਸ ਕਰਕੇ ਇਹ ਸਦਾ ਅਕਾਲੀ ਜੀ ਦੇ ਕੰਮ ਨਾਲ ਖਿੱਝਦੇ ਰਹਿੰਦੇ।

### ਕੌਮੀ ਦਰਦ

ਕੌਮੀ ਦਰਦ ਅਕਾਲੀ ਜੀ ਦੀਆਂ ਰਗਾਂ ਵਿੱਚ ਕੁੱਟ-ਕੁੱਟ ਕੇ ਭਰਿਆ ਪਿਆ ਸੀ ਤੇ ਆਪ ਆਪਣੇ ਸੀਨੇ ਵਿੱਚ ਐਸਾ ਦਿਲ ਰੱਖਦੇ ਸਨ ਜੋ ਕੌਮ ਦੇ ਦਰਦ ਨਾਲ ਤੜਪ ਉੱਠਦਾ ਸੀ। ਆਪ ਸਾਰੀ ਉਮਰ ਇਸ ਧੁਨ ਵਿੱਚ ਐਸੇ ਨਿਮਗਨ ਰਹੇ ਕਿ ਕਈ ਵਾਰੀ ਸਖ਼ਤ ਤੋਂ ਸਖ਼ਤ ਕਸ਼ਟ ਸਿਰ ’ਤੇ ਸਹੇ, ਕਠਨ ਤੋਂ ਕਠਨ ਅਪਦਾ ਦੇ ਟਾਕਰੇ ਕਰਨੇ ਪਏ, ਇੱਥੋਂ ਤੀਕ ਕਿ ਛੇਕੜ ਆਪਣਾ ਸੀਸ ਭੀ ਇਸੇ ਧੁਨ ਵਿੱਚ ਕੌਮ ਦੇ ਸਿਰ ਤੋਂ ਵਾਰ ਦਿੱਤਾ, ਪਰੰਤੂ ਇਸ ਪਾਵਨ ਪਿਆਰ ਤੋਂ ਆਪਣਾ ਕਦਮ ਪਿੱਛੇ ਨਾ ਹਟਾਇਆ। ਆਪ ਦੀ ਤਲਵਾਰ ਦੀਨਾਂ ਦੁਖੀਆਂ, ਸ਼ਰਗਾਨਤਾਂ, ਇਸਤ੍ਰੀਆਂ ਤੇ ਬੱਚਿਆਂ ਦੀ ਰੱਖਿਆ ਲਈ ਸਦਾ ਮਿਆਨ ਤੋਂ ਬਾਹਰ ਰਹਿੰਦੀ ਸੀ ਤੇ ਜਦ ਤੀਕ ਕਿਸੇ ਜ਼ਾਲਮ ਹਤਿਆਰੇ ਦੇ ਲਹੂ ਵਿੱਚ ਟੁੱਭਾ ਨਾ ਲਾ ਲੈਂਦੀ, ਕਦੇ ਉਸ ਦੀ ਪਿਆਸ ਨਹੀਂ ਸੀ ਬੁਝਦੀ।

### ਸ਼ਸਤ੍ਰ ਵਿਦਿਆ

ਭਾਵੇਂ ਇਸ ਵਿਸ਼ੇ ’ਤੇ ਕੁੱਝ ਲਿਖਣ ਦੀ ਲੋੜ ਨਹੀਂ ਮਲੂਮ ਹੁੰਦੀ, ਕਿਉਂਕਿ ਸ਼ਸਤ੍ਰ ਵਿੱਦਿਆ ਹਰ ਇੱਕ ਸਿੰਘ ਦੇ ਜੀਵਨ ਦਾ ਇੱਕ ਅਤਿ ਜ਼ਰੂਰੀ ਅੰਗ ਗਿਣਿਆ ਜਾਂਦਾ ਸੀ ਤੇ ਹਰ ਇੱਕ ਸਿੱਖ ਬੱਚਾ ਇਸ ਪੱਖ ਵਿੱਚ ਪੂਰਾ ਨਿਪੁੰਨ ਹੁੰਦਾ ਸੀ, ਪਰ ਤਦ ਭੀ ਅਸੀਂ ਇਤਨਾ ਲਿਖੇ ਬਿਨਾਂ ਨਹੀਂ ਰਹਿ ਸਕਦੇ ਕਿ ਅਕਾਲੀ ਜੀ ਤਲਵਾਰ ਚਲਾਉਣ ਵਿੱਚ ਡਾਢੇ ਤਾਕ ਸਨ, ਜਿਨ੍ਹਾਂ ਨੂੰ ਚੋਟੀ ਦਾ ਸ਼ਮਸ਼ੇਰਜ਼ਨ ਕਿਹਾ ਜਾ ਸਕਦਾ ਸੀ। ਭਾਵੇਂ ਉਹ ਬੰਦੂਕ ਤੇ ਨੇਜ਼ਾ ਚਲਾਉਣ ਦੇ ਅਭਿਆਸ ਵਿੱਚ ਭੀ ਆਪਣੇ ਸਮੇਂ ਦੇ ਚੁਣਵੇਂ ਨਿਸ਼ਾਨਚੀਆਂ ਵਿੱਚੋਂ ਸਨ, ਪਰ ਉਨ੍ਹਾਂ ਦਾ ਮਨ-ਭਾਂਵਦਾ ਸ਼ਸਤ੍ਰ ਸ੍ਰੀ ਸਾਹਿਬ ਤੇ ਢਾਲ ਸੀ। ਉਹ ਐਸੀ ਫੁਰਤੀ ਨਾਲ ਵੈਰੀ ਦੇ ਵਰ ਨੂੰ ਢਾਲ ਉੱਤੇ ਝਲਦੇ ਹੋਇਆਂ ਉੱਪਰੋ ਐਸਾ ਫੇਰਵਾਂ ਹੱਥ ਕਰਦੇ ਕਿ ਅੱਖ ਦੇ ਫੇਰ ਵਿੱਚ ਦੁਸ਼ਮਨ ਦਾ ਸਿਰ ਉਨ੍ਹਾਂ ਦੇ ਪੈਰਾਂ ਵਿੱਚ ਪਿਆ ਹੁੰਦਾ। ਚੱਕਰ ਭੀ ਸੋਹਣਾ ਚਲਾਉਂਦੇ ਹੁੰਦੇ ਸੀ, ਪਰ ਕਦੇ-ਕਦੇ।

### ਗੁਰਬਾਣੀ ਨਾਲ ਪਿਆਰ

ਅੰਤ ਵਿਚ ਅਸੀਂ ਇਨ੍ਹਾਂ ਸਾਰਿਆਂ ਗੁਣਾਂ ਦੇ ਮੂਲ, ਅਰਥਾਤ ਸੋਮੇ ਦਾ ਜ਼ਿਕਰ ਕਰਦੇ ਹਾਂ, ਜਿਸ ਕਰਕੇ ਅਕਾਲੀ ਫੂਲਾ ਸਿੰਘ ਦਾ ਜੀਵਨ ਮਾਰਤੁੰਡ ਤੁੱਲ ਉਜਾਗਰ ਸੀ, ਉਹ ਅਮੋਲਕ ਦਾਤ ਪਵਿੱਤਰ ਗੁਰਬਾਣੀ ਦਾ ਪਿਆਰ ਸੀ। ਜੇ ਉਸ ਵਿੱਚ ਬੀਰਤਾ ਸੀ ਤਾਂ ਗੁਰਬਾਣੀ ਦੇ ਪ੍ਰੇਮ ਕਰਕੇ, ਜੇ ਉਹ ਨਿਰਭੈ ਸੀ ਤਾਂ ਗੁਰਬਾਣੀ ਦੇ ਰਸ ਕਰਕੇ, ਜੇ ਉਹ ਨਿਰਅਭਿਮਾਨ ਸੀ ਤਾਂ ਗੁਰਬਾਣੀ ਦੀ ਸੂਝ ਕਰਕੇ, ਜੇ ਕੌਮੀ ਦਰਦ ਤੇ ਪੰਥ-ਸੇਵਾ ਦਾ ਪਿਆਰਾ ਸੀ ਤਾਂ ਸਤਿਗੁਰੂ ਜੀ ਦੀ ਬਾਣੀ ਦੇ ਪਰਕਾਸ਼ ਕਰਕੇ, ਜੇ ਉਹ ਵਿੱਦਿਆ ਤੇ ਪਰਉਪਕਾਰ ਦਾ ਨਮੂਨਾ ਸੀ ਤਾਂ ਗੁਰਬਾਣੀ ਦੇ ਮਨ ਵਿੱਚ ਨਿਵਾਸ ਕਰਕੇ, ਜੇ ਉਸ ਵਿੱਚ ਆਤਮਕ ਬਲ ਤੇ ਬੇਧੜਕ ਪੁਣਾ ਸੀ, ਤਾਂ ਗੁਰਬਾਣੀ ਦੀ ਉਮੰਗ ਕਰਕੇ। ਗੱਲ ਕੀ, ਅਕਾਲੀ ਜੀ ਦਾ ਤੇਜ, ਪ੍ਰਤਾਪ, ਵਰਯਾਮਤਾ, ਬੀਰਤਾ, ਦ੍ਰਿੜ੍ਹਤਾ, ਨਿਰਭੈਤਾ ਆਦਿ ਸਭ ਦੇ ਸਭ ਗੁਰਬਾਣੀ ਦੇ ਆਧਾਰ ਪਰ ਹੀ ਸਨ। ਉਹ ਸਾਰੀ-ਸਾਰੀ ਰਾਤ ਗੁਰਬਾਣੀ ਵਿੱਚ ਲਿਵਲੀਨ ਰਹਿੰਦਾ ਸੀ, ਦਿਨ ਰਾਤ ਵਿੱਚ ਬਹੁਤ ਹੀ ਘੱਟ ਉਸ ਨੂੰ ਕਿਸੇ ਨੇ ਸੁੱਤਾ ਡਿੱਠਾ, ਜਦ ਦੇਖੋ ਹੋਂਠਾਂ ਦੀ ਪੁਲਕਾਵਲੀ ਦੀ ਅਖੰਡ ਤਾਰ ਬੱਝੀ ਰਹਿੰਦੀ। ਅੰਮ੍ਰਿਤ ਵੇਲੇ ਦੀ ਆਸਾ ਦੀ ਵਾਰ ਦੇ ਪੱਕੇ ਨੇਮੀ ਸਨ। ਭਾਵੇਂ ਰਣਭੂਮੀ ਵਿੱਚ ਹੁੰਦੇ ਯਾ ਡੇਰੇ ਵਿੱਚ, ਆਸਾ ਦੀ ਵਾਰ ਦਾ ਦੀਵਾਨ ਬਰਾਬਰ ਰੋਜ਼ ਲੱਗਦਾ, ਸ਼ਾਮ ਨੂੰ ਸੋਦਰ ਦਾ ਦੀਵਾਨ ਭੀ ਕਦੀ ਇੱਕ ਨਹੀਂ ਸੀ ਘੁਸਾਉਂਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਵਾਰਾ ਜੰਗਾਂ ਯੁੱਧਾਂ ਵਿੱਚ ਭੀ ਸਦਾ ਇੱਕ ਹਾਥੀ ਦੀ ਅਮਾਰੀ ਵਿੱਚ ਆਪ ਦੇ ਅੰਗ-ਸੰਗ ਰਹਿੰਦਾ। ਚੜ੍ਹਾਈ ਹੋਣ ਤੋਂ ਪਹਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲੈਂਦੇ ਤੇ ਫੇਰ ਕਿਸੇ ਕਾਰਜ ਨੂੰ ਅਰੰਭ ਕਰਦੇ। ਗੱਲ ਕੀ ਆਪ ਦਾ ਕੋਈ ਕੰਮ ਐਸਾ ਨਹੀਂ ਸੀ ਜੋ ਗੁਰਬਾਣੀ ਤੇ ਗੁਰੂ ਆਸ਼ੇ ਦੇ ਪਵਿੱ੍ਤ ਭਾਵ ਤੋਂ ਬਾਹਰ ਹੁੰਦਾ। ਆਪ ਦੀ ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਦੇ ਪ੍ਰਚਾਰ ਤੇ ਗੁਰਦੁਆਰਿਆਂ ਦੇ ਸੁਧਾਰ ਤੇ ਖ਼ਾਲਸਾ ਪੰਥ ਦੀ ਆਤਿਮਕ, ਮਾਨਿਸਕ, ਸੁਧਾਚਾਰਿਕ, ਭਾਈਚਾਰਕ ਤੇ ਪਦਾਰਥਕ ਬ੍ਰਿਧੀ ਤੇ ਭਲਿਆਈ ਵਿੱਚ ਗੁਜ਼ਰੀ। ਹਾਂ, ਇਸ ਤਰ੍ਹਾਂ ਅਕਾਲੀ ਜੀ ਨੇ ਕਰੜੀਆਂ ਘਾਲਾਂ ਘਾਲ ਕੇ ਅੰਤ ਆਪਣੇ ਆਪ ਨੂੰ ਕੌਮ ਤੋਂ ਕੁਰਬਾਨ ਕਰ ਦਿੱਤਾ। ਵਾਹ, ਬੀਰ ‘ਅਕਾਲੀ’, ਆਪ ਨੇ ‘ਸ਼ਹੀਦ’ ਨਾਮ ਨੂੰ ਸ਼ਫਲਾ ਕੀਤਾ।

### ਅਕਾਲੀ ਸਿੰਘਾਂ ਅੱਗੇ ਅੰਤਮ ਬੇਨਤੀ ![2]

ਗੁਰੂ ਪੰਥ ਦੇ ‘ਅਕਾਲੀ’ ਤੇ ‘ਸ਼ਹੀਦ’ ਅਖਾਣ ਵਾਲੇ ਪਿਆਰਿਓ! ਤੁਸੀਂ ਪੰਥ ਦਾ ਇੱਕ ਬਹੁਤ ਪਿਆਰਿਆ ਤੇ ਸਤਿਕਾਰਿਆ ਭਾਗ ਹੋ। ਨਹੀਂ ਨਹੀਂ, ਗੁਰੂ ਕਲ਼ਗੀਆਂ ਵਾਲੇ ਦੇ ‘ਚਮਨ’ ਦੇ ਨਿਸੰਗ ਪਹਰੂਏ ਹੋ, ਵਾੜ ਹੋ, ਰਾਖੇ ਹੋ, ਤੁਸੀਂ ਕੌਮ ਦੀ ਜਿੰਦਜਾਨ ਤੇ ਤ੍ਰਾਣ ਹੋ। ਤੁਹਾਡਾ ਨਾਉਂ ‘ਅਕਾਲੀ’ ਹੈ, ਤੁਸੀਂ ਪੰਥ ਦੀ ਸੇਵਾ-ਭੂਮੀ ਵਿੱਚ ਜਨਮ ਤੇ ਮਰਨ ਤੋਂ ਨਿਰਭਉ ਹੋ ਕੇ ਅਜਨਮਾ ਤੇ ਅਮਰ ਹੋ ਕੇ ਨਿਤਰੇ ਹੋਏ ਬੀਰ ਹੋ। ਤੁਹਾਨੂੰ ਸੇਵਾ-ਘਾਟ ਵਿੱਚ ਕਾਲ ਦਾ ਤ੍ਰਾਸ ਨਹੀਂ। ਤੁਹਾਡੇ ਲਈ ਪੰਥ ਸੇਵਾ ਦਾ ਕੋਈ ਕਾਲ (ਸ਼ਾਮ, ਸਵੇਰ ਯਾ ਰੈਣ) ਬੱਧਾ ਹੋਇਆ ਨਹੀਂ, ਤੁਸੀਂ ਹਰ ਸਮੇਂ, ਹਰ ਥਾਂ ਤੇ ਹਰ ਪ੍ਰਕਾਰ ਦੀ ਪੰਥ ਸੇਵਾ ਲਈ ਅਕਾਲ ਪ੍ਰਾਇਣ ‘ਅਕਾਲੀ’ ਹੋ। ਤੁਹਾਡਾ ਨਾਮ ‘ਅਕਾਲੀ’ ਹੈ।

---

1. ਇਹ ਦਰੱਖ਼ਤ ਇਸ ਸਮੇਂ (ਸੰਨ 1914) ਤੱਕ ਅਕਾਲ ਤਖ਼ਤ ਸਾਹਿਬ ਜੀ ਦੇ ਪਾਸ ਮੌਜੂਦ ਖੜਾ ਹੈ। ਇਹ ਗੱਲ ਬੜੇ ਅਫ਼ਸੋਸ ਨਾਲ ਲਿਖ ਰਹੇ ਹਾਂ ਕਿ ਇਹ ਇਤਿਹਾਸਕ ‘ਇਮਲੀ’ ਦਾ ਦਰੱਖ਼ਤ 15 ਜੂਨ ਸੰਨ 1936 ਮੁਤਾਬਕ 2 ਹਾੜ ਸੰਮਤ 1939 ਸ਼ਾਮ ਦੇ ਚਾਰ ਵਜੇ ਬਿਨਾਂ ਹਨੇਰੀ ਯਾ ਬਾਰਸ਼ ਦੇ ਆਪਣੇ ਆਪ ਜੜ੍ਹਾਂ ਤੋਂ ਉੱਖੜਕੇ ਡਿੱਗ ਪਿਆ। ਇਸ ਤਰ੍ਹਾਂ ਸਿੱਖ ਇਤਿਹਾਸ ਦਾ ਇੱਕ ਜ਼ਰੂਰੀ ਨਿਸ਼ਾਨ ਇਸ ਦੇ ਡਿੱਗਣ ਨਾਲ ਲੋਪ ਹੋ ਗਿਆ। ਪਰ ਪਿੱਛੋਂ ਯਾਦਗਾਰ ਵਜੋਂ,- ਪਰਬੰਧਕਾਂ ਨੇ ਇਸੇ ਥਾਂ ਇਕ ਹੋਰ ਇਮਲੀ ਦਾ ਦਰੱਖ਼ਤ ਲਾ ਦਿੱਤਾ ਹੈ ਜੋ ਦਿਨੋਂ- ਦਿਨ ਵੱਧ ਰਿਹਾ ਹੈ।

2. ਇਹ ਬੇਨਤੀ ਸੰਨ 1914 ਵਿਚ ਜਦੋਂ ਇਹ ਪੁਸਤਕ ਪਹਿਲੀ ਵਾਰ ਛੁਪੀ ਸੀ, ਪੰਥ ਦੀ ਸੇਵਾ ਪੇਸ਼ ਕੀਤੀ ਸੀ ਜਦੋਂ ਕਿ ਅਕਾਲੀ ਲਹਿਰ ਦਾ ਫੁਰਨਾ ਭੀ ਕਿਸੇ ਦੇ ਮਨ ਵਿੱਚ ਨਹੀਂ ਸੀ ਫੁਰਿਆ, ਬਲਕਿ ‘ਅਕਾਲੀ’ ਨਾਮ ਨੂੰ ਘ੍ਰਿਣਾ ਨਾਲ ਲਿਆ ਜਾਂਦਾ ਸੀ। ਸ਼ੁਕਰ ਹੈ ਜੋ ਇਹ ਬੇਨਤੀ ਅੱਖਰ-ਅੱਖਰ ਪੰਥ ਵਿੱਚ ਪਰਵਾਨ ਹੋ ਕੇ ਮੁੜ ਜਾਗਰਤ ਦਾ ਕਾਰਨ ਬਣੀ।

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ



## Harcourts Topline

Licensed Agent REAA 2008

Your home is One of your most valuable *asset*

We are a complete **One stop shop** for all your Real Estate needs

We offer the following services:

- Residential Sales
- Rental Property Management (REINZ Accredited PM Company)
- Business Sales
- Commercial Sales
- Commercial Leasing

*Call The Topline TEAM*
*for any of your Real Estate needs & more*

ਘਰ ਖਰੀਦਣ ਅਤੇ ਵੇਚਣ ਲਈ
ਸੰਪਰਕ ਕਰੋ।



Hardev Brar
M: 027 442 7338
E: Hardev.brar@harcourts.co.nz



Mehul Mody
M: 021 990 080
E: mehul.mody@harcourts.co.nz

M 027442 7338 P 09 620 6222
hardev.brar@harcourts.co.nz www.toplinerealty.co.nz , 206 Stoddard Road, Mt Roskill, Auckland

## DH SUPERMARKET



ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ
ਤਾਜ਼ਾ ਸਬਜੀਆਂ ਮਿਲਦੀਆਂ ਹਨ।

| PAPATOETOE | FLATBUSH | PAPAKURA |
|---|---|---|
| 141 Kolmar Road, Paptoetoe | 46 Ormiston Road, East Tamaki | 38 O Shannessey Street, Papakura |



## SPARKELS
### JEWELLERS


SPARKLE YOUR LIFE WITH SPARKLE JAWELLER

- We Buy Gold Diamond & Coins
- 22kt., 9kt, 18kt & Diamond Jewellery
- Jewellery Valuation
- Jewellery Repairing
- Lucky Stones



208, Great South Road Papatoetoe
**Ph: 0800 030377**

CALL: G S HAPPY
DDI 093901041




**ਮਹਿਕ ਏ ਵਤਨ ਦੇ ਮੁੱਖ ਸੰਪਾਦਕ ਹਰਦੇਵ ਬਰਾੜ ਅਤੇ ਜਸਵਿੰਦਰ ਕੌਰ ਬਰਾੜ ਵੱਲੋਂ ਮਹਿਕ ਏ ਵਤਨ ਦੀ ਪੂਰੀ ਟੀਮ ਅਤੇ ਸਮੂਹ ਭਾਈਚਾਰੇ ਨੂੰ ਬੰਦੀ-ਛੋੜ ਦਿਵਸ ਅਤੇ ਦਿਵਾਲੀ ਦੀਆਂ ਲੱਖ-ਲੱਖ ਵਧਾਈਆਂ।**

## Spian 'ਚ ਫਲੋਦ ਨੇ ਮਚਾਈ ਤਬਾਹੀ, 100 ਦੇ ਕਰੀਬ ਮੌਤਾਂ



ਬਾਰਸੀਲੋਨਾ (ਏ. ਐੱਨ.ਆਈ.) : ਸਪੇਨ ਦੇ ਅਧਿਕਾਰੀਆਂ ਨੇ ਬੁੱਧਵਾਰ ਨੂੰ ਦੱਸਿਆ ਕਿ ਦੇਸ਼ ਦੇ ਪੂਰਬ ਵਿੱਚ ਅਚਾਨਕ ਹੜ੍ਹਾਂ ਕਾਰਨ 95 ਲੋਕਾਂ ਦੀ ਮੌਤ ਹੋ ਗਈ, ਕਈ ਕਾਰਾਂ ਵਹਿ ਗਈਆਂ, ਪਿੰਡ ਪਾਣੀ ਵਿੱਚ ਡੁੱਬ ਗਏ ਅਤੇ ਰੇਲ ਲਾਈਨਾਂ ਅਤੇ ਹਾਈਵੇਅ ਬੰਦ ਹੋ ਗਏ। ਪੂਰਬੀ ਵੈਲੇਂਸੀਆ ਸੂਬੇ ਵਿੱਚ ਐਮਰਜੈਂਸੀ ਸੇਵਾਵਾਂ ਨੇ ਬੁੱਧਵਾਰ ਨੂੰ ਮਰਨ ਵਾਲਿਆਂ ਦੀ ਗਿਣਤੀ 92 ਹੋਣ ਦੀ ਪੁਸ਼ਟੀ ਕੀਤੀ।

ਦੋ ਹੋਰ ਮੌਤਾਂ ਗੁਆਂਢੀ ਕੈਸਟੀਲਾ-ਲਾ-ਮੰਚਾ ਖੇਤਰ ਵਿੱਚ ਹੋਈਆਂ, ਜਦੋਂ ਕਿ ਇੱਕ ਵਿਅਕਤੀ ਦੀ ਦੱਖਣੀ ਅੰਦਾਲੁਸੀਆ ਵਿੱਚ ਮੌਤ ਹੋਣ ਦੀ ਸੂਚਨਾ ਮਿਲੀ ਹੈ। ਸਪੇਨ ਦੇ ਪੂਰਬੀ ਅਤੇ ਦੱਖਣੀ ਹਿੱਸਿਆਂ 'ਚ ਮੰਗਲਵਾਰ ਨੂੰ ਸ਼ੁਰੂ ਹੋਈ ਤੇਜ਼ ਬਾਰਿਸ਼ ਬੁੱਧਵਾਰ ਨੂੰ ਵੀ ਜਾਰੀ ਰਹੀ।

ਮੀਂਹ ਕਾਰਨ ਹੜ੍ਹਾਂ ਦੀ ਸਥਿਤੀ ਬਦਤਰ ਹੋ ਗਈ। ਰੇਲਵੇ ਅਧਿਕਾਰੀਆਂ ਨੇ ਦੱਸਿਆ ਕਿ 300 ਲੋਕਾਂ ਨੂੰ ਲੈ ਕੇ ਜਾ ਰਹੀ ਇੱਕ ਟਰੇਨ ਪਟੜੀ ਤੋਂ ਉਤਰ ਗਈ। ਹਾਲਾਂਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਸਪੇਨ ਦੇ ਰਾਸ਼ਟਰਪਤੀ ਪੇਡਰੋ ਸਾਂਚੇਜ਼ ਨੇ ਕਿਹਾ ਕਿ ਹੜ੍ਹ ਨਾਲ ਕਈ ਸ਼ਹਿਰ ਪ੍ਰਭਾਵਿਤ ਹੋਏ ਹਨ। ਉਸਨੇ ਇੱਕ ਟੈਲੀਵਿਜ਼ਨ ਸੰਬੋਧਨ ਵਿੱਚ ਕਿਹਾ,"ਪੂਰਾ ਸਪੇਨ ਉਨ੍ਹਾਂ ਲੋਕਾਂ ਦੇ ਦਰਦ ਨੂੰ ਮਹਿਸੂਸ ਕਰ ਸਕਦਾ ਹੈ ਜੋ ਆਪਣੇ ਅਜ਼ੀਜ਼ਾਂ ਦੀ ਭਾਲ ਕਰ ਰਹੇ ਹਨ। ਸਾਡੀ ਤਰਜੀਹ ਤੁਹਾਡੀ ਮਦਦ ਕਰਨਾ ਹੈ। ਅਸੀਂ ਸਾਰੇ ਲੋੜੀਂਦੇ ਸਾਧਨਾਂ ਦੀ ਵਰਤੋਂ ਕਰ ਰਹੇ ਹਾਂ ਤਾਂ ਜੋ ਅਸੀਂ ਇਸ ਦੁਖਾਂਤ ਤੋਂ ਉਭਰ ਸਕੀਏ।"

ਪੁਲਸ ਅਤੇ ਬਚਾਅ ਸੇਵਾਵਾਂ ਨੇ ਲੋਕਾਂ ਨੂੰ ਘਰਾਂ ਅਤੇ ਕਾਰਾਂ ਤੋਂ ਬਚਾਉਣ ਲਈ ਹੈਲੀਕਾਪਟਰਾਂ ਦੀ ਵਰਤੋਂ ਕੀਤੀ। ਸਪੇਨ ਦੀਆਂ ਐਮਰਜੈਂਸੀ ਰਿਸਪਾਂਸ ਟੀਮਾਂ ਦੇ ਕਰਮਚਾਰੀਆਂ ਦੇ ਨਾਲ 1,100 ਸਪੈਨਿਸ਼ ਫੌਜ ਦੇ ਸੈਨਿਕਾਂ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਤਾਇਨਾਤ ਕੀਤਾ ਗਿਆ ਸੀ। ਸਪੇਨ ਦੀ ਕੇਂਦਰੀ ਸਰਕਾਰ ਨੇ ਬਚਾਅ ਕਾਰਜਾਂ ਵਿੱਚ ਮਦਦ ਲਈ ਇੱਕ ਸੰਕਟ ਕਮੇਟੀ ਦਾ ਗਠਨ ਕੀਤਾ ਹੈ। ਸਪੇਨ ਦੀ ਰਾਸ਼ਟਰੀ ਮੌਸਮ ਵਿਗਿਆਨ ਸੇਵਾ ਦੇ ਅਨੁਸਾਰ, ਤੂਫਾਨ ਦਾ ਪ੍ਰਭਾਵ ਦੇਸ਼ ਵਿੱਚ ਵੀਰਵਾਰ ਤੱਕ ਜਾਰੀ ਰਹਿਣ ਦੀ ਉਮੀਦ ਹੈ।

ਬੀ.ਬੀ.ਸੀ ਦੀ ਰਿਪੋਰਟ ਮੁਤਾਬਕ ਇਕ ਸਥਾਨਕ ਵਿਅਕਤੀ ਗੁਲੇਰਮੋ ਸੇਰਾਨੋ ਪੇਰੇਜ਼ ਨੇ ਦੱਸਿਆ ਕਿ ਜਦੋਂ ਪਾਣੀ ਵਧਣ ਲੱਗਾ ਤਾਂ ਇਹ ਲਹਿਰ ਵਾਂਗ ਆਇਆ। ਇਹ ਸੁਨਾਮੀ ਵਰਗਾ ਲੱਗ ਰਿਹਾ ਸੀ। ਮੰਗਲਵਾਰ ਰਾਤ ਨੂੰ ਹਜ਼ਾਰਾਂ ਲੋਕਾਂ ਨੇ ਅਚਾਨਕ ਹੜ੍ਹ ਮਹਿਸੂਸ ਕੀਤਾ। ਰਿਬਾ-ਰੋਸਾ ਡੇ ਟੂਰੀਆ ਸ਼ਹਿਰ ਦੇ ਮੇਅਰ ਨੇ ਕਿਹਾ, 'ਬਹੁਤ ਜ਼ੋਰਦਾਰ ਮੀਂਹ ਪਿਆ ਅਤੇ ਕੁਝ ਹੀ ਮਿੰਟਾਂ ਵਿੱਚ ਪਾਣੀ ਇੱਕ ਤੋਂ ਡੇਢ ਮੀਟਰ ਤੱਕ ਵੱਧ ਗਿਆ।' ਇਸ ਖੇਤਰ ਵਿਚ ਹੋਰ ਥਾਵਾਂ 'ਤੇ, ਹੜ੍ਹ ਦੇ ਪਾਣੀ ਵਿਚ ਵਹਿ ਜਾਣ ਤੋਂ ਬਾਅਦ ਲੋਕਾਂ ਦੇ ਲਾਪਤਾ ਹੋਣ ਦੀਆਂ ਰਿਪੋਰਟਾਂ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ।

# 2026 ਤੱਕ G7 ਨੂੰ ਪਛਾੜ ਸਕਦੀ ਹੈ ਗਲੋਬਲ ਵਪਾਰਕ ਨਿਰਯਾਤ 'ਚ BRICS+ ਦੀ ਹਿੱਸੇਦਾਰੀ





ਨਵੀਂ ਦਿੱਲੀ: ਭਾਰਤ, ਚੀਨ ਅਤੇ ਰੂਸ ਦੀ ਤਿਕੜੀ ਬਣਨ ਨਾਲ ਅਮਰੀਕਾ ਅਤੇ ਉਸ ਦੇ ਯੂਰਪੀ ਸਹਿਯੋਗੀ ਬੇਚੈਨ ਹਨ। ਇਨ੍ਹਾਂ ਤਿੰਨਾਂ ਕੋਲ ਮਿਲ ਕੇ ਬ੍ਰਿਕਸ+ ਰਾਹੀਂ ਵਿਸ਼ਵ ਵਪਾਰ ਦੀ ਗਤੀਸ਼ੀਲਤਾ ਨੂੰ ਬਦਲਣ ਦੀ ਸ਼ਕਤੀ ਹੈ। EY ਇੰਡੀਆ ਨੇ ਬੁੱਧਵਾਰ ਨੂੰ ਕਿਹਾ ਕਿ ਵਿਸ਼ਵ ਵਪਾਰ ਵਿੱਚ ਬ੍ਰਿਕਸ + ਸਮੂਹ ਦਾ ਦਬਦਬਾ ਵੱਧ ਰਿਹਾ ਹੈ। 2026 ਤੱਕ ਸਮੂਹ ਗਲੋਬਲ ਵਪਾਰ ਵਿੱਚ G7 ਦੇਸ਼ਾਂ ਨੂੰ ਪਛਾੜ ਸਕਦਾ ਹੈ। ਬ੍ਰਿਕਸ+ ਦੇਸ਼ਾਂ ਵਿੱਚ ਭਾਰਤ ਅਤੇ ਚੀਨ ਦੀ ਭੂਮਿਕਾ ਪ੍ਰਮੁੱਖ ਹੈ। ਬ੍ਰਿਕਸ, ਜਿਸ ਵਿੱਚ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਸ਼ਾਮਲ ਹਨ, ਦੇ ਹੁਣ ਪੰਜ ਵਾਧੂ ਮੈਂਬਰ ਹਨ। ਇਨ੍ਹਾਂ ਵਿੱਚ ਮਿਸਰ, ਇਥੋਪੀਆ, ਈਰਾਨ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਸ਼ਾਮਲ ਹਨ। EY ਦੀ 'ਇਕਨਾਮੀ ਵਾਚ' ਰਿਪੋਰਟ ਅਨੁਸਾਰ, ਗਲੋਬਲ ਆਯਾਤ-ਨਿਰਯਾਤ ਵਿੱਚ ਬ੍ਰਿਕਸ + ਦੇਸ਼ਾਂ ਦੀ ਹਿੱਸੇਦਾਰੀ ਤੇਜ਼ੀ ਨਾਲ ਵੱਧ ਰਹੀ ਹੈ। ਗਲੋਬਲ ਵਪਾਰਕ ਨਿਰਯਾਤ ਵਿੱਚ ਬ੍ਰਿਕਸ + ਸਮੂਹ ਦਾ ਹਿੱਸਾ 2026 ਤੱਕ G7 ਸਮੂਹ ਨੂੰ ਪਛਾੜ ਸਕਦਾ ਹੈ। ਇਸ ਤਰ੍ਹਾਂ EY ਓਚੋਨੋਮੇ Watch ਦੇ ਅਕਤੂਬਰ ਐਡੀਸ਼ਨ ਨੇ ਗਲੋਬਲ ਵਪਾਰ ਸਥਿਤੀ ਵਿੱਚ ਮਹੱਤਵਪੂਰਨ ਤਬਦੀਲੀਆਂ ਦਾ ਖੁਲਾਸਾ ਕੀਤਾ ਹੈ। ਰਿਪੋਰਟ ਵਿੱਚ ਕਿਹਾ ਗਿਆ ਬ੍ਰਿਕਸ + ਸਮੂਹ ਵਸਤੂਆਂ ਦੇ ਨਿਰਯਾਤ ਅਤੇ ਆਯਾਤ ਵਿੱਚ ਆਪਣੀ ਹਿੱਸੇਦਾਰੀ ਨੂੰ ਤੇਜ਼ੀ ਨਾਲ ਵਧਾ ਰਿਹਾ ਹੈ। 2000 ਤੋਂ 2023 ਤੱਕ ਗਲੋਬਲ ਵਪਾਰਕ ਨਿਰਯਾਤ ਵਿੱਚ ਬ੍ਰਿਕਸ + ਸਮੂਹ ਦੀ ਹਿੱਸੇਦਾਰੀ 10.7 ਪ੍ਰਤੀਸ਼ਤ ਤੋਂ ਵੱਧ ਕੇ 23.3 ਪ੍ਰਤੀਸ਼ਤ ਹੋ ਗਈ ਹੈ। ਇਹ 12.6 ਫੀਸਦੀ ਦਾ ਸ਼ਾਨਦਾਰ ਵਾਧਾ ਹੈ। ਇਸ ਦੇ ਉਲਟ ਜੀ-7 ਦੇ ਸ਼ੇਅਰ 'ਚ ਗਿਰਾਵਟ ਦੇਖਣ ਨੂੰ ਮਿਲੀ ਹੈ। ਇਹ 45.1 ਫੀਸਦੀ ਤੋਂ ਘਟ ਕੇ 28.9 ਫੀਸਦੀ ਰਹਿ ਗਿਆ ਹੈ। ਇਸ ਦੌਰਾਨ, ਬਾਕੀ ਦੁਨੀਆ ਨੇ ਮੁਕਾਬਲਤਨ ਸਥਿਰ ਸ਼ੇਅਰ ਬਣਾਈ ਰੱਖੀ ਹੈ। ਇਹ 44.2 ਫੀਸਦੀ ਤੋਂ ਵਧ ਕੇ 47.9 ਫੀਸਦੀ ਹੋ ਗਿਆ ਹੈ। ਓੌ ਇੰਡੀਆ ਨੇ ਕਿਹਾ, ਇਹ ਰੁਝਾਨ ਗਲੋਬਲ ਵਪਾਰ ਖੇਤਰ ਵਿੱਚ ਬ੍ਰਿਕਸ+ ਸਮੂਹ ਦੇ ਵਧਦੇ ਮਹੱਤਵ ਨੂੰ ਦਰਸਾਉਂਦਾ ਹੈ। ਇਹ ਇੱਕ ਬਹੁਧਰੁਵੀ ਗਲੋਬਲ ਆਰਥਿਕ ਦ੍ਰਿਸ਼ ਵੱਲ ਇੱਕ ਸੰਭਾਵੀ ਤਬਦੀਲੀ ਨੂੰ ਦਰਸਾਉਂਦਾ ਹੈ। ਈਵਾਈ ਇੰਡੀਆ ਦੇ ਮੁੱਖ ਰਣਨੀਤੀ ਸਲਾਹਕਾਰ ਡੀ.ਕੇ. ਸ਼੍ਰੀਵਾਸਤਵ ਨੇ ਕਿਹਾ, 'ਮੌਜੂਦਾ ਰੁਝਾਨਾਂ ਅਤੇ ਕਈ ਨਵੇਂ ਮੈਂਬਰਾਂ ਦੇ ਬ੍ਰਿਕਸ+ ਸਮੂਹ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਨੂੰ ਦੇਖਦੇ ਹੋਏ, ਗਲੋਬਲ ਵਪਾਰਕ ਨਿਰਯਾਤ ਵਿੱਚ ਬ੍ਰਿਕਸ+ ਦੀ ਹਿੱਸੇਦਾਰੀ 2026 ਤੱਕ G7 ਸਮੂਹ ਨੂੰ ਪਛਾੜ ਸਕਦੀ ਹੈ।' ਸ਼੍ਰੀਵਾਸਤਵ ਨੇ ਅੱਗੇ ਕਿਹਾ ਕਿ ਬ੍ਰਿਕਸ + ਸਮੂਹ ਅੰਤਰਰਾਸ਼ਟਰੀ ਵਪਾਰ ਅਤੇ ਨਿਵੇਸ਼ ਲੈਣ-ਦੇਣ ਨੂੰ ਆਸਾਨ ਬਣਾਉਣ ਲਈ ਇੱਕ ਨਵਾਂ ਪਲੇਟਫਾਰਮ ਤਿਆਰ ਕਰ ਰਿਹਾ ਹੈ।

ਇਹ ਪਲੇਟਫਾਰਮ ਮੌਜੂਦਾ SWIFT ਪਲੇਟਫਾਰਮ ਦਾ ਇੱਕ ਸਸਤਾ ਬਦਲ ਬਣ ਸਕਦਾ ਹੈ। ਇਸ ਤੋਂ ਇਲਾਵਾ, ਸਮੂਹ ਸੋਨੇ ਅਤੇ ਚੋਣਵੀਆਂ ਵਸਤੂਆਂ ਦੁਆਰਾ ਸਮਰਥਤ ਇੱਕ ਨਵੀਂ ਵਪਾਰਕ ਅਤੇ ਰਿਜ਼ਰਵ ਮੁਦਰਾ ਵੀ ਵਿਕਸਤ ਕਰ ਰਿਹਾ ਹੈ।


iColour Graphics T/A
iSIGNS
DESIGN
PRINT
SIGN
PRINTING
BUSINESS CARDS
FLYERS
PHOTOCOPY
LAMINATION
BINDING & MORE...
SIGNAGE
SHOP SIGNS
VEHICLE SIGNS
FOOTPATH SIGNS
PULL-UP BANNERS
POSTERS & MORE...
Ph: 0800 03 03 99 | Mob: 021 670 590
Email: icolourgraphics@gmail.com
Unit 5/2 Tironui Station Road West, Takanini


Beautiful Smiles For Life...
Clendon Dental Centre Ltd
15 Palmers Road Clendon, Auckland
Ph: 09 266 0769, Mob: 022 040 9399
Papatoetoe Family Dentist
133 Kolmar Road Papatoetoe, Auckland
(Inside East Tamaki Health Care)
Ph: 09 279 9100, Mob: 021 659 934
ਇਥੇ ਹਰ ਤਰਾਂ ਦੇ ਦੰਦਾਂ ਦਾ ਇਲਾਜ ਕੀਤਾ ਜਾਂਦਾ ਹੈ।
ਆਪਣੀ ਪੰਜਾਬੀ ਭਾਸ਼ਾ ਬੋਲਣ ਵਾਲੇ ਡਾਕਟਰਾਂ ਨਾਲ ਗੱਲ ਕਰੋ।
Dr. Inderpal Singh (BDS)
Dr. Kiranpal Kaur (BDS)
FREE WINZ QUOTES & ACC ACCIDENTS
Mon to Fri: 9.00am - 6.00pm


UNIVERSAL HOMEOPATHIC NZ LTD. AUCKLAND
PROVIDING AN EXCEPTIONAL EXPERIENCE IN ALTERNATIVE THERAPIES.
HOMEOPATHY
Universal Homeopathic NZ Ltd
ਡਾ. ਪ੍ਰੀਤ ਨਾਲ ਤੁਸੀ ਅੰਗਰੇਜੀ, ਪੰਜਾਬੀ, ਹਿੰਦੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ।
DR PREET
Consultant and Physician
Visit
UNIVERSAL HOMEOPATHIC NZ LTD. AUCKLAND
ACNE
ASTHMA
DEPRESSION
DIABETES
GALLSTONES
GOUT
HAIR LOSS
INDIGESTION
MIGRAINE
OBESITY
PILES
PIMPLES
WORMS
STRESS
415, Great South Road
info@naturallyhealth.co.nz
P: 021-1256-356


TAKANINI TYRES & MECHANICAL LTD
Our Services :
Oil Changes
Wheel alignment
Tire Services
Brake Repairs
WOF Repairs
Our Specials This Month
DAYTON TYRES
185/65/15 NOW $85
175/65/14 NOW $75
WHEEL ALIGNMENT NOW $65 (USUALLY $80)
CAR SERVICE FROM $125 (USUALLY $160)
WE ARE OPEN MON-SAT 8.30AM TO 5PM
266 GREAT SOUTH ROAD,TAKANINI
021 044 7389
09 212 4111
FB - Takanini Tyres
Karamjit (Jit) Singh
MANAGER

ਪੰਨਾ ਨੰ 9 ਦਾ ਬਾਕੀ......




# Chill Out

INDIAN RESTAURANT & BAR

Takeaway Menu

OPEN 7 DAYS
SUN-WED : 12PM - 9:30PM
THU-SAT : 12PM - 10:30PM

CHILL OUT SPECIAL
ANY FULL CHICKEN / VEG CURRY + RICE + NAAN
$15.99 TAKEAWAY ONLY

COMBO MEAL DEAL
ANY FULL CURRY + RICE + NAAN + DRINK CAN
$20.99 TAKEAWAY ONLY
(Including Lamb, Goat & Seafood)

Available on DoorDash, Uber Eats, Food Hub, Order Meal

09 845 6936
Shop 12, 945 A, New North Road, Mt. Albert, Auckland - 1025
chilloutindianbar@gmail.com
www.chilloutindian.co.nz
www.chilloutindianrestaurandbar.co.nz

## NZ INDIAN SPORTS & CULTURAL CLUB INC.

P.O. Box 27410, Mt Roskill, Auckland - 1440
NZBN - 9429051471545
Ph: 09-390 0004, Email: nzindianclub@gmail.com

## Organising Committee

**Hardev Singh Brar**
**President**
+64274427338
Email. hardevbrar@gmail.com

**Hardev Mahinangal**
**Vice President**
+642102612568
hardevmahinangal@gmail.com

**Jaswinder Brar**
**Secretary**
jassibrar2024@gmail.com

**Gurdeep Singh**
**Treasurer**
+64222786226
kalabrar@gmail.com

**Rubal Singh**
**Cultural Secretary**
021333350
Rubal.singh@raywhite.com

**Sarabjit Singh**
**Sports Secretary**
0210426837

**Panchpreet Dhillon**
**Auditor**
Panchpreetnz@gmail.com

ਆਪਣੀ ਚੜ੍ਹਤ ਦੇ ਦਿਨਾਂ ਬਾਰੇ ਪਰਗਣ ਦਾ ਆਖਣਾ ਹੈ, 'ਉਦੋਂ ਕੰਪਨੀ ਸਾਢੇ ਸੱਤ ਫ਼ੀਸਦੀ ਰਾਇਲਟੀ ਦਿੰਦੀ ਹੁੰਦੀ ਸੀ। ਢਾਈ ਫ਼ੀਸਦੀ ਗਾਉਣ ਵਾਲੇ ਨੂੰ, ਢਾਈ ਗਾਉਣ ਵਾਲੀ ਨੂੰ ਤੇ ਢਾਈ ਗੀਤ ਲਿਖਣ ਵਾਲੇ ਨੂੰ। ਏਨੇ ਨਾਲ ਸਾਰਿਆਂ ਦਾ ਗੁਜ਼ਾਰਾ ਵਧੀਆ ਚੱਲਦਾ ਸੀ ਤੇ ਹਰ ਇੱਕ ਨੂੰ ਢਾਈ-ਤਿੰਨ ਹਜ਼ਾਰ ਰੁਪਿਆ ਮਹੀਨਾ ਮਿਲੀ ਜਾਂਦਾ ਸੀ।' ਜਦੋਂ ਕੰਪਨੀ ਨੇ ਪਰਗਣ ਦੀ ਰਾਇਲਟੀ ਬੰਦ ਕਰ ਦਿੱਤੀ ਤਾਂ ਉਸ ਨੂੰ ਬੜਾ ਦੁੱਖ ਹੋਇਆ। ਪੰਜ-ਛੇ ਸਾਲ ਪਹਿਲਾਂ 'ਐਚ.ਐਮ.ਵੀ' ਦੇ ਜਨਾਬ ਰੈਣਾ ਨੇ ਪਰਗਣ ਤੋਂ ਉਸ ਦੇ ਸਾਰੇ ਰਿਕਾਰਡਾਂ ਦੇ ਰੈਪਰ ਅਤੇ ਹੋਰ ਕਾਗਜ਼-ਪੱਤਰ ਮੰਗਵਾਏ ਕਿ ਤੇਰੀ ਰਾਇਲਟੀ ਦੁਬਾਰਾ ਸ਼ੁਰੂ ਹੋ ਜਾਵੇਗੀ, ਪਰ ਗੱਲ ਨਾ ਬਣੀ। ਤਵਿਆਂ ਵਾਲੇ ਯੁੱਗ ਦਾ ਅੰਤ ਹੋਣ ਤੋਂ ਬਾਅਦ ਪਰਗਣ ਦੀਆਂ ਚਾਰ ਕੁ ਕੈਸਿਟਾਂ ਵੀ ਆਈਆਂ, ਜਿਨ੍ਹਾਂ ਦੇ ਨਾਂ 'ਘਰ ਵਿੱਚ ਆ ਜਾਂਦੀ ਲੋਹੜੀ', 'ਸ਼ਰਾਬੀ ਅੱਖੀਆਂ', 'ਪੱਟ'ਤਾ ਬਦਾਮੀ ਰੰਗ ਨੇ' ਤੇ ਇੱਕ ਹੋਰ ਸੀ। ਪਰਗਣ ਨੇ ਸੋਲੋ ਗੀਤ ਆਪਣੇ ਸਵਾਦ ਲਈ ਗਾਏ, ਪਰ ਰਿਕਾਰਡ ਸਿਰਫ਼ ਉਸ ਦੇ ਦੋਗਾਣੇ ਹੀ ਹੋਏ।

ਪਰਗਣ 1980 ਤੋਂ 87-88 ਤੱਕ ਦੇ ਸਮੇਂ ਨੂੰ ਆਪਣੀ ਗਾਇਕੀ ਦੀ ਚੜ੍ਹਤ ਦਾ ਵੇਲਾ ਮੰਨਦਾ ਹੈ। ਇਸ ਦੌਰਾਨ ਉਸ ਨੇ ਉਦੋਂ ਦੀਆਂ ਨਾਮਵਰ ਗਾਉਣ ਵਾਲੀਆਂ ਨਾਲ ਗਾਇਆ ਤੇ ਫੇਰ ਜਦੋਂ ਪੰਜਾਬ ਵਿੱਚ ਅੱਤਵਾਦ ਦਾ ਦੌਰ ਸ਼ੁਰੂ ਹੋ ਗਿਆ ਤਾਂ ਬਾਕੀ ਕਲਾਕਾਰਾਂ ਵਾਂਗ ਉਸ ਦੀ ਗਾਇਕੀ ਦਾ ਸੂਰਜ ਵੀ ਡੁੱਬਣਾ ਸ਼ੁਰੂ ਹੋ ਗਿਆ। ਉਹ ਦੱਸਦਾ ਹੈ, 'ਚਮਕੀਲੇ ਦੀ ਮੌਤ ਤੋਂ ਬਾਅਦ ਪੰਜਾਬ ਦੀ ਗਾਇਕੀ ਦੀ ਫੁਲਵਾੜੀ ਲਗਭਗ ਉੱਜੜ ਹੀ ਗਈ ਤੇ ਮੇਰੇ ਵਰਗੇ ਦਰਮਿਆਨੇ ਕਲਾਕਾਰ ਚੁੱਪ ਵੱਟ ਕੇ ਬੈਠ ਗਏ।'

ਪਰਗਣ ਮੰਨਦਾ ਹੈ ਕਿ ਮੇਰੀ ਗਾਇਕੀ ਨੂੰ ਕਦੇ ਸੋਕੇ ਦਾ ਸਾਹਮਣਾ ਨਹੀਂ ਕਰਨਾ ਪਿਆ, ਪਰ ਮੇਰੇ 'ਤੇ ਬਹੁਤੀ ਬਹਾਰ ਦੇ ਦਿਨ ਵੀ ਨਹੀਂ ਆਏ। ਉਸ ਦੇ ਹਿੱਸੇ ਤੀਹ ਕੁ ਫ਼ੀਸਦੀ ਕਾਮਯਾਬੀ ਆਈ ਤੇ ਉਹ ਏਨੇ ਵਿੱਚ ਹੀ ਸੰਤੁਸ਼ਟ ਰਿਹਾ, ਪਰ ਅੱਜ ਜਦੋਂ ਉਹ ਪਿਛਾਂਹ ਮੁੜ ਕੇ ਦੇਖਦਾ ਹੈ ਤਾਂ ਪਿਤਾ ਦੀ ਕਹੀ ਗੱਲ, 'ਪੁੱਤ ਜੇ ਤੂੰ ਮੇਰੀ ਨਹੀਂ ਮੰਨਣੀ ਤਾਂ ਨਾ ਮੰਨ, ਪਰ ਗਾਉਣ ਨੇ ਤੈਨੂੰ ਕੁੱਝ ਨਹੀਂ ਦੇਣਾ ਤੇ ਇੱਕ ਦਿਨ ਤੇਰੇ ਪੱਲੇ ਸਿਰਫ਼ ਪਛਤਾਵਾ ਰਹਿ ਜਾਵੇਗਾ' ਵਾਰ-ਵਾਰ ਚੇਤੇ ਆਉਂਦੀ ਹੈ।

ਪਰਗਣ ਨੂੰ ਹੁਣ ਗਾਉਣ ਨਾਲ ਬਹੁਤਾ ਮੋਹ ਨਹੀਂ ਰਿਹਾ। ਉਹ ਆਖਦੈ, 'ਜਿਹੜਾ ਕੰਮ ਤੁਹਾਡਾ ਟੱਬਰ ਨਾ ਪਾਲ ਸਕੇ, ਉਹ ਕਰਨ ਦਾ ਕੀ ਫ਼ਾਇਦਾ।' ਪਰਗਣ ਦੇ ਤਿੰਨ ਬੱਚੇ ਨੇ, ਇੱਕ ਕੁੜੀ ਅਮ੍ਰਿਤਪਾਲ ਕੌਰ ਅਤੇ ਦੋ ਮੁੰਡੇ ਯਾਦਵਿੰਦਰ ਸਿੰਘ ਤੇ ਅਮਨਦੀਪ ਸਿੰਘ। ਕੁੜੀ ਤੇ ਇੱਕ ਮੁੰਡਾ ਵਿਆਹਿਆ ਹੋਇਐ ਤੇ ਇੱਕ ਹਾਲੇ ਕੁਆਰਾ ਐ। ਦੋਹੇਂ ਮੁੰਡੇ ਆਪੋ-ਆਪਣੇ ਕੰਮਾਂ 'ਤੇ ਲੱਗੇ ਹੋਏ ਨੇ। ਪਰਗਣ ਪਿਛਲੇ ਦੋ-ਢਾਈ ਸਾਲਾਂ ਤੋਂ ਲੁਧਿਆਣੇ ਵਿਚਲੇ ਬੀ.ਸੀ.ਐਮ ਸਕੂਲ ਵਿੱਚ ਸਕਿਊਰਟੀ ਗਾਰਡ ਦੀ ਨੌਕਰੀ ਕਰਕੇ ਗੁਜ਼ਾਰਾ ਕਰ ਰਿਹੈ। ਉਹ ਸੱਤ ਭਰਾ ਤੇ ਤਿੰਨ ਭੈਣਾਂ ਸਨ, ਪਰ ਹੁਣ ਚਾਰ ਭਰਾਵਾਂ ਦੀ ਮੌਤ ਹੋ ਚੁੱਕੀ ਹੈ ਤੇ ਤਿੰਨੋਂ ਭੈਣਾਂ ਇਸ ਜਹਾਨ 'ਤੇ ਨਹੀਂ ਰਹੀਆਂ। ਮੌਤਾਂ ਦੇ ਦਰਦ ਅਤੇ ਕਾਮਯਾਬੀ ਦੇ ਦੂਰ ਜਾਣ ਨੇ ਇੱਕ ਵਾਰ ਉਸ ਨੂੰ ਤੋੜ ਸੁੱਟਿਆ। ਪਰ ਉਹ ਫਿਰ ਸੰਭਲ ਗਿਆ ਤੇ ਅੱਜ ਵੀ ਹੌਸਲੇ ਨਾਲ ਜ਼ਿੰਦਗੀ ਬਸਰ ਕਰ ਰਿਹਾ ਹੈ। ਉਸ ਦਾ ਤਰਕ ਹੈ, 'ਕਿਸੇ ਵੀ ਬੰਦੇ 'ਤੇ ਸਦਾ ਇੱਕੋ ਜਿਹਾ ਵਕਤ ਨਹੀਂ ਰਹਿੰਦਾ ਤੇ ਝੂਰਨ ਨਾਲ ਕੁੱਝ ਨਹੀਂ ਬਣਦਾ, ਜ਼ਿੰਦਗੀ ਤਾਂ ਜਿਊਣੀ ਹੀ ਐ, ਬਸ ਮਿਹਨਤ ਕਰੀ ਜਾਓ, ਫਲ ਮਿਲੇ ਨਾ ਮਿਲੇ।'

ਅੱਜ ਦੀ ਗਾਇਕੀ ਤੋਂ ਪਰਗਣ ਦਾ ਮਨ ਅੱਕ ਚੁੱਕਾ ਹੈ। ਉਸ ਨੂੰ ਸਮਝ ਨਹੀਂ ਆਉਂਦੀ ਕਿ ਅੱਜ ਦੇ ਕਲਾਕਾਰਾਂ ਬਾਰੇ ਕੀ ਆਖਿਆ ਜਾਵੇ।

ਪਹਿਲੀ ਗੱਲ ਤਾਂ ਹੁਣ ਉਸ ਨੇ ਪ੍ਰੋਗਰਾਮਾਂ 'ਤੇ ਜਾਣਾ ਹੀ ਬੰਦ ਕਰ ਦਿੱਤੈ, ਪਰ ਜੇ ਕਿਤੇ ਕੋਈ ਲੈ ਵੀ ਜਾਵੇ ਤਾਂ ਸਭ ਤੋਂ ਪਹਿਲਾਂ ਉਹ ਇਹੀ ਆਖਦੈ, 'ਭਰਾਵੋ, ਮੈਂ ਤਾਂ ਰੇਡੀਓ ਹਾਂ, ਤੁਸੀਂ ਮੈਨੂੰ ਦੇਖਣ ਦੀ ਥਾਂ ਸੁਣਨ ਦੀ ਖੇਚਲ ਕਰਿਓ, ਆਹ ਪਿਛਲੇ ਪਾਸੇ ਟੈਲੀਵੀਜ਼ਨਾਂ ਵਾਲੇ ਵੀ ਤਿਆਰ ਹੋ ਰਹੇ ਨੇ, ਇਨ੍ਹਾਂ ਨੂੰ ਭਾਵੇਂ ਸੁਣਨ ਦੀ ਥਾਂ ਦੇਖੀ ਜਾਇਓ।'

ਪਰਗਣ ਨੇ ਖੁਦ ਨੂੰ ਹਾਲਾਤਾਂ ਮੁਤਾਬਕ ਢਾਲ ਲਿਆ ਹੈ। ਉਹ ਗਿਲੇ-ਸ਼ਿਕਵੇ ਕਰਨ ਦੀ ਥਾਂ ਜਿੰਨਾ ਮਿਲਿਆ, ਓਨੇ 'ਚ ਰੱਬ ਦਾ ਸ਼ੁਕਰ ਕਰਦਾ ਹੈ ਤੇ ਮੁਸਕਰਾ ਕੇ ਕਹਿ ਛੱਡਦੈ, 'ਮੈਂ ਕਿਹੜਾ ਤਾਨਸੈਨ ਦਾ ਮੁੰਡਾ ਹਾਂ, ਜਿੰਨਾ ਚਿਰ ਲੋਕਾਂ ਨੇ ਯਾਦ ਰੱਖਿਆ ਓਨੀ ਦੇਰ ਹੀ ਸਹੀ, ਮੈਨੂੰ ਕਿਸੇ ਨਾਲ ਰੋਸਾ ਨਹੀਂ, ਬੰਦੇ ਨੂੰ ਭਾਗਾਂ 'ਚ ਲਿਖੇ ਨਾਲੋਂ ਵੱਧ ਕੁੱਝ ਨਹੀਂ ਮਿਲਦਾ।'

-ਸਵਰਨ ਸਿੰਘ ਟਹਿਣਾ

ਲੁਧਿਆਣਾ ਸ਼ੁਰੂ ਤੋਂ ਹੀ ਪੰਜਾਬੀ ਗਾਇਕੀ ਦਾ ਕੇਂਦਰ ਰਿਹਾ ਹੈ। ਜਦੋਂ ਤਵਿਆਂ ਵਾਲੇ ਯੁੱਗ ਵੱਲ ਝਾਤ ਮਾਰੀਦੀ ਹੈ ਤਾਂ ਅਨੇਕਾਂ ਉਹ ਚਿਹਰੇ ਜ਼ਿਹਨ ਵਿੱਚ ਆ ਜਾਂਦੇ ਹਨ, ਜਿਨ੍ਹਾਂ ਬਿਨਾਂ ਉਦੋਂ ਗਾਇਕੀ ਦੀ ਗੱਡੀ ਨਹੀਂ ਸੀ ਤੁਰਦੀ। ਪਰਗਣ ਤੇਜੀ ਇਥੇ ਰਹਿਣ ਵਾਲੀ ਉਹ ਹਸਤੀ ਹੈ, ਜਿਸ ਦੇ ਅੰਦਾਜ਼ ਵਿੱਚ ਲੋਹੜੇ ਦੀ ਮਸਤੀ ਹੈ। ਉਸ ਦੀ ਗਾਇਕੀ ਦਾ ਵੇਗ ਕਿਸੇ ਵੇਲੇ ਉੱਡਦੇ ਪਰਿੰਦਿਆਂ ਨੂੰ ਲਾਹੁਣ ਦੇ ਸਮਰੱਥ ਸੀ, ਪਰ ਅੱਜ ਉਸ ਦੀ ਅਵਾਜ਼ ਖਾਮੋਸ਼ ਹੈ। ਲੰਮੇ ਸਮੇਂ ਤੋਂ ਉਸ ਦੀ ਚੁੱਪ ਨਹੀਂ ਟੁੱਟੀ, ਜਿਹੜੀ ਕਈ ਵਾਰ ਉਸ ਦੇ ਚਾਹੁਣ ਵਾਲਿਆਂ ਨੂੰ ਝੰਜੋੜਦੀ ਹੈ। ਸ਼ਾਇਦ ਹੁਣ ਉਸ ਦੀ ਇਹ ਚੁੱਪ ਟੁੱਟੇ ਵੀ ਨਾ ਕਿਉਂਕਿ ਇੱਕ ਤਾਂ ਗਾਉਣ ਵੱਲੋਂ ਉਸ ਦਾ ਮਨ ਅੱਕ ਗਿਆ ਹੈ, ਦੂਜਾ ਜਿਸ ਪੱਧਰ ਦਾ ਉਹ ਗਾਉਂਦਾ ਹੈ, ਉਸ ਨੂੰ ਪੌਪ-ਰੈਪ ਦੇ ਰੰਗ ਵਿੱਚ ਰੰਗੀ ਪੀੜ੍ਹੀ ਨੇ ਪਸੰਦ ਨਹੀਂ ਕਰਨਾ ਤੇ ਤੀਜਾ ਉਸ ਕੋਲ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਲਈ ਨੋਟਾਂ ਦੇ ਰੁੱਗ ਨਹੀਂ ਹਨ। ਕੋਈ ਵੇਲ਼ਾ ਸੀ, ਜਦੋਂ ਪਿੰਡਾਂ ਦੇ ਅਖਾੜੇ ਪਰਗਣ ਤੇਜੀ ਬਿਨਾਂ ਸੁੰਨੇ ਸਮਝੇ ਜਾਂਦੇ ਸਨ। ਦਿਨ 'ਚ ਦੋ-ਦੋ ਪ੍ਰੋਗਰਾਮ ਕਰਨੇ ਪਰਗਣ ਤੇਜੀ ਦਾ ਰੋਜ਼ ਦਾ ਕੰਮ ਸੀ। ਗੱਲ ਕੀ ਪਰਗਣ ਦੇ ਪੈਰਾਂ ਨੂੰ ਭੌਰੀ ਲੱਗੀ ਹੋਈ ਸੀ। ਸਮਕਾਲੀ ਗਾਇਕਾਂ ਵਾਂਗ ਉਸ ਦੀ ਗਾਇਕੀ ਦਾ ਪ੍ਰਭਾਵ ਤਾਂ ਤਖ਼ੱਲਸ ਵਾਂਗ 'ਤੇਜ' ਸੀ, ਪਰ ਇਹ ਪ੍ਰਭਾਵ ਛੇਤੀ ਹੀ ਉਸ ਦੇ ਹੱਥਾਂ 'ਚੋਂ ਰੇਤ ਵਾਂਗ ਕਿਰ ਗਿਆ ਤੇ ਉਸ ਦੇ ਬੋਝੇ 'ਚ ਰਹਿ ਗਈਆਂ ਲੰਘੇ ਵੇਲੇ ਦੀਆਂ ਯਾਦਾਂ।

ਤਵਿਆਂ ਵਾਲੇ ਯੁੱਗ ਦੇ ਬਹੁਗਿਣਤੀ ਕਲਾਕਾਰਾਂ ਦਾ ਦੁਖਾਂਤ ਇਹ ਰਿਹਾ ਕਿ ਇਨ੍ਹਾਂ ਨੇ ਭਵਿੱਖ ਦੀ ਬਹੁਤੀ ਪ੍ਰਵਾਹ ਨਾ ਕੀਤੀ। ਪਰਗਣ ਜੋਬਨ ਰੁੱਤੇ ਮਸਤ ਚਾਲੇ ਚੱਲਿਆ, ਉਸ ਦਾ ਹਰ ਰਿਕਾਰਡ ਸਫ਼ਲ ਰਿਹਾ, ਉਸ ਨੇ ਪੰਜਾਬ ਦੇ ਪਿੰਡ-ਪਿੰਡ 'ਚ ਆਪਣੀ ਗਾਇਕੀ ਦੀ ਮਹਿਕ ਖਿਲਾਰੀ, ਪਰ ਹੁਣ ਉਸ ਦੀ ਗਾਇਕੀ ਦਾ ਬੂਟਾ ਸੁੱਕ ਚੁੱਕਾ ਹੈ, ਉਸ ਦੀ ਗਾਇਕੀ ਦੀ ਬਗੀਚੀ 'ਚੋਂ ਮਹਿਕ ਆਉਣੀ ਬੰਦ ਹੋ ਗਈ ਹੈ ਕਿਉਂਕਿ ਵਕਤ ਦੀਆਂ ਤੱਤੀਆਂ ਧੁੱਪਾਂ ਨੇ ਉਸ ਨਾਲ ਵਫ਼ਾ ਨਹੀਂ ਕੀਤੀ। ਪਰਗਣ ਨੂੰ ਕਿਸੇ 'ਤੇ ਬਹੁਤਾ ਰੋਸ ਨਹੀਂ ਕਿਉਂਕਿ ਉਹ ਸਿੱਧ-ਪੱਧਰਾ ਜਿਹਾ ਬੰਦਾ ਹੈ ਤੇ ਰੱਬ ਦੀ ਰਜ਼ਾ ਵਿੱਚ ਰਹਿਣਾ ਆਪਣਾ ਫ਼ਰਜ਼ ਸਮਝਦਾ ਹੈ। ਉਹ ਆਖਦੈ, 'ਜਿਵੇਂ ਲਿਖਿਐ ਉਵੇਂ ਹੋ ਕੇ ਰਹਿਣੈ, ਫੇਰ ਮਰੂੰ-ਮਰੂੰ ਕਰਨ ਦਾ ਕੀ ਫ਼ਾਇਦਾ, ਜਿੰਨਾ ਚਿਰ ਭਾਗਾਂ 'ਚ ਬੱਲੇ-ਬੱਲੇ ਲਿਖੀ ਸੀ, ਉਦੋਂ ਖ਼ੂਬ ਟੌਹਰ ਰਹੀ ਤੇ ਹੁਣ ਸਾਥੋਂ ਵਕਤ ਜੋ ਕੁੱਝ ਕਰਾ ਰਿਹੈ, ਰੋਟੀ ਲਈ ਅਸੀਂ ਉਹ ਕਰੀ ਜਾ ਰਹੇ ਹਾਂ।'

ਪਰਗਣ ਤੇਜੀ ਸਾਡੇ ਮਿੱਤਰ ਮੇਜਰ ਮਹਿਰਮ ਦਾ ਉਸਤਾਦ ਹੈ। ਉਸਤਾਦ ਵੀ ਪਿਓਆਂ ਵਰਗਾ। ਮੇਜਰ ਦੀਆਂ ਗੱਲਾਂ ਵਿੱਚੋਂ ਉਸਤਾਦ ਦੀ ਕਲਾ ਬਾਰੇ ਵੀ ਪਤਾ ਲੱਗਦਾ ਰਹਿੰਦਾ ਹੈ ਤੇ ਉਸ ਦੀ ਉਨ੍ਹਾਂ ਪ੍ਰਤੀ ਸ਼ਰਧਾ ਬਾਰੇ ਵੀ। ਪਹਿਲੀ ਵਾਰ ਉਸੇ ਤੋਂ ਪਤਾ ਲੱਗਾ ਕਿ ਕਿਸੇ ਵੇਲੇ ਉਸਤਾਦ ਦੇ ਰਿਕਾਰਡ 'ਹੌਟ ਕੇਕ' ਵਾਂਗ ਵਿਕਦੇ ਸਨ, ਪਰ ਹੁਣ ਰੋਟੀ ਦੇ ਜੁਗਾੜ ਲਈ ਉਹ ਇੱਕ ਪ੍ਰਾਈਵੇਟ ਸਕੂਲ 'ਚ ਸਕਿਉਰਿਟੀ ਗਾਰਡ ਦੀ ਨੌਕਰੀ ਕਰ ਰਹੇ ਨੇ।

ਪਰਗਣ ਤੇਜੀ ਹੁਣ ਲੁਧਿਆਣੇ ਦੀ ਪੱਖੋਵਾਲ ਸੜਕ 'ਤੇ ਭਾਈ ਬਾਲਾ ਗੁਰਦੁਆਰੇ ਦੇ ਪਿਛਲੇ ਪਾਸੇ ਬਣੀ ਪ੍ਰਕਾਸ਼ ਕਲੋਨੀ ਵਿੱਚ ਟੱਬਰ ਸਮੇਤ ਜ਼ਿੰਦਗੀ ਕੱਟ ਰਿਹਾ ਹੈ। ਉਸ ਨੂੰ ਮਿਲਣ ਜਾਣ ਵਾਲੇ ਦਿਨ ਰੱਬ ਨੂੰ ਮੀਂਹ ਪਾਉਣ ਦਾ ਜ਼ਿਆਦਾ ਹੀ ਚਾਅ ਚੜ੍ਹਿਆ ਹੋਇਆ ਸੀ। ਮੇਰੇ ਉਥੇ ਪਹੁੰਚਣ ਤੋਂ ਪਹਿਲਾਂ ਹੀ ਪਰਗਣ ਭਾਈ ਬਾਲਾ ਗੁਰਦੁਆਰੇ ਕੋਲ ਸਾਈਕਲ ਲਈ ਖੜ੍ਹਾ ਸੀ ਤੇ ਅਸੀਂ ਪੈਦਲ ਤੁਰ ਪਏ ਘਰ ਜਾਣ ਵਾਸਤੇ। ਰਾਹ ਜਾਂਦਿਆਂ ਉਸ ਦਾ ਮਨ ਫਰੋਲਣ ਦੀ ਕੋਸ਼ਿਸ਼ ਕੀਤੀ ਤਾਂ ਪੈਂਦੀ ਸੱਟੇ ਪਤਾ ਲੱਗ ਗਿਆ ਕਿ ਹਾਲਾਤਾਂ ਦੇ ਸਤਾਏ ਇਸ ਕਲਾਕਾਰ ਦਾ ਜਨੂੰਨ ਹੁਣ ਦਮ ਤੋੜ ਚੁੱਕਾ ਹੈ। ਪਰਗਣ ਆਖਦਾ ਹੈ, 'ਗਾਉਣ ਨੇ ਮੈਨੂੰ ਕੁੱਝ ਨਹੀਂ ਦਿੱਤਾ, ਮਜਬੂਰੀਆਂ ਤੇ ਲਾਚਾਰੀਆਂ ਨੇ ਮੇਰੇ ਅੰਦਰਲਾ ਕਲਾਕਾਰ ਮਾਰ ਦਿੱਤਾ, ਹੁਣ ਕਲਾਕਾਰ ਖਤਮ ਹੈ ਤੇ ਮੈਂ ਇੱਕ ਆਮ ਬੰਦਾ ਰਹਿ ਗਿਆਂ।'

ਪਰਗਣ ਤੇਜੀ ਸਪੱਸ਼ਟਵਾਦੀ ਬੰਦਾ ਹੈ, ਰੱਬ ਦੀ ਰਜ਼ਾ ਵਿੱਚ ਰਹਿਣ ਵਾਲਾ, ਸਭ ਨੂੰ ਆਪਣਾ ਕਹਿਣ ਵਾਲਾ, ਨਾ ਮਾੜਾ ਬੋਲਣ ਤੇ ਨਾ ਮਾੜਾ ਸਹਿਣ ਵਾਲਾ। ਜਨਮ ਉਸ ਦਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਟਾਹਲੀ ਵਿੱਚ 1953 'ਚ ਹੋਇਆ। ਗਾਇਕੀ ਉਸ ਨੂੰ ਖਾਨਦਾਨ ਵਿਚੋਂ ਨਹੀਂ ਮਿਲੀ। ਉਸ ਦਾ ਵੱਡਾ ਭਰਾ ਗਿਆਨੀ ਬਖ਼ਸ਼ੀਸ਼ ਸਿੰਘ ਕੀਰਤਨ ਕਰਦਾ ਹੁੰਦਾ ਸੀ, ਆਹਲਾ ਦਰਜਾ ਕੀਰਤਨ, ਜਿਸ ਦੀ ਮਿਠਾਸ ਭਰੀ ਅਵਾਜ਼ ਦੀਆਂ ਗੱਲਾਂ ਆਲੇ-ਦੁਆਲੇ ਦੇ ਪਿੰਡਾਂ-ਕਸਬਿਆਂ ਵਿੱਚ ਹੁੰਦੀਆਂ ਰਹਿੰਦੀਆਂ ਸਨ। ਹੁਣ ਉਸ ਭਰਾ ਦੀ ਮੌਤ ਹੋ ਚੁੱਕੀ ਹੈ ਤੇ ਉਸ ਦਾ ਪੁੱਤਰ ਭਾਈ ਗੁਰਦੇਵ ਸਿੰਘ ਰਸਭਿੰਨਾ ਕੀਰਤਨ ਕਰਕੇ ਗੁਰੂ ਸੇਵਕਾਂ ਦਾ ਮਨ ਠਾਰਦਾ ਹੈ। ਪਰਗਣ ਤੇਜੀ ਆਪਣਾ ਮਾਰਗ ਦਰਸ਼ਕ ਭਾਵੇਂ ਸ਼ੁਰੂ ਤੋਂ ਵੱਡੇ ਭਰਾ ਨੂੰ ਹੀ ਮੰਨਦਾ ਹੈ, ਪਰ ਗਾਉਣ ਦੀਆਂ ਬਰੀਕੀਆਂ ਉਸ ਨੇ ਉਸਤਾਦ ਸਤਨਾਮ ਚੰਗਿਆੜਾ ਕੋਲੋਂ ਸਿੱਖੀਆਂ। ਪਰਗਣ ਪੜ੍ਹਿਆ ਘੱਟ ਹੀ ਤੇ ਪਰਿੰਪ ਵਿੱਚ ਉਸ ਦੀ ਬਰੇਕ ਲੱਗ ਗਈ। ਉਹ ਦੱਸਦਾ ਹੈ, 'ਮੈਂ ਦਸਵੀਂ 'ਚ ਸਾਂ, ਜਦੋਂ ਸਾਡੇ ਪਿੰਡ ਪ੍ਰਾਣ ਨਾਥ ਪ੍ਰੇਮੀ ਹੁਰਾਂ ਦਾ ਗਰੁੱਪ ਪ੍ਰੋਗਰਾਮ ਪੇਸ਼ ਕਰਨ ਆਇਆ ਸੀ, ਨਾਲ ਜਗਜੀਤ ਜ਼ੀਰਵੀ ਵੀ ਸੀ। ਕਲਾਕਾਰਾਂ ਨੇ ਆਪਣਾ ਪ੍ਰੋਗਰਾਮ ਪੇਸ਼ ਕੀਤਾ, ਬੜੀ ਧੰਨ-ਧੰਨ ਹੋਈ। ਸਕੂਲ ਦੇ ਮਾਸਟਰ-ਮਾਸਟਰਨੀਆਂ ਆਖਣ ਲੱਗੇ, 'ਸਾਡੇ ਪਰਗਣ ਨੂੰ ਵੀ ਮੌਕਾ ਦਿਓ, ਇਹ ਵੀ ਚੰਗਾ ਗਾ ਲੈਂਦੈ'। ਪ੍ਰੇਮੀ ਨੇ ਪੁੱਛਿਆ, 'ਮੁੰਡਿਆ ਕੀ ਗਾਵੇਂਗਾ', ਤਾਂ ਮੈਂ ਕਿਹਾ 'ਵਾਰਿਸ ਸ਼ਾਹ ਦੀ ਹੀਰ' ਤੇ ਫੇਰ ਜਦੋਂ ਹੀਰ ਗਾਈ ਤਾਂ ਸਾਰੇ ਕਲਾਕਾਰਾਂ ਨੇ ਮੈਨੂੰ ਥਾਪੀ ਦਿੱਤੀ।' ਪਰਗਣ ਨੇ ਪ੍ਰੇਮੀ ਨੂੰ ਆਖਿਆ, 'ਮੈਂ ਵੀ ਗਾਉਣਾ ਸਿੱਖਣੈ' ਤਾਂ ਉਨ੍ਹਾਂ ਆਖਿਆ, 'ਆਪਣਾ ਜੁੱਲੀ-ਬਿਸਤਰਾ ਚੁੱਕ ਕੇ ਜਲੰਧਰ ਆ ਜਾ।' ਘਰਦਿਆਂ ਬਥੇਰਾ ਰੋਕਿਆ ਕਿ ਪੁੱਤ ਪੜ੍ਹ-ਲਿਖ ਲੈ, ਕਿਸੇ ਨੌਕਰੀ 'ਤੇ ਲੱਗ ਜਾਵੇਂਗਾ, ਗਾਉਣ ਵਾਲਿਆਂ ਦਾ ਕੀ ਐ, ਅੱਜ ਪ੍ਰੋਗਰਾਮ ਮਿਲਿਆ ਤੇ ਫੇਰ ਪਤਾ ਨਹੀਂ ਮਹੀਨਾ ਭਰ ਮਿਲੇ ਜਾ ਨਾ। ਪਰ ਪਰਗਣ 'ਤੇ ਤਾਂ ਗਾਉਣ ਦਾ ਭੂਤ ਸਵਾਰ ਸੀ ਤੇ ਉਹ ਸਾਰਿਆਂ ਦੀਆਂ ਰਾਇਆਂ ਨੂੰ ਠੁੱਡ ਮਾਰਦਾ ਥੋੜ੍ਹੇ ਦਿਨਾਂ ਪਿੱਛੋਂ ਹੀ ਪ੍ਰਾਣ ਨਾਥ ਪ੍ਰੇਮੀ ਦੇ ਡੇਰੇ ਜਾ ਪਹੁੰਚਿਆ। ਉਸ ਦਾ ਮੇਲ ਰੰਜਨਾ, ਮਿਲਖੀ ਰਾਮ, ਸਵਰਨ ਚੰਦ ਲਹਿਰੀ ਤੇ ਜਗਜੀਤ ਜ਼ੀਰਵੀ ਨਾਲ ਹੋਇਆ।

ਸੱਤ-ਅੱਠ ਸਾਲ ਪਰਗਣ ਨੇ ਪ੍ਰੇਮੀ ਕੋਲੋਂ ਗਾਉਣ, ਵਜਾਉਣ ਤੇ ਸਟੇਜ ਪੇਸ਼ਕਾਰੀ ਦੇ ਗੁਰ ਸਿੱਖੇ। ਸਟੇਜ 'ਤੇ ਚੜ੍ਹਨ ਸਾਰ ਲੋਕਾਂ ਨੂੰ ਕਿਵੇਂ ਪ੍ਰਭਾਵਿਤ ਕਰਨਾ ਹੈ, ਮਾਹੌਲ ਵੇਖ ਕੇ ਗੱਲ ਕਿਵੇਂ ਘੁਮਾਉਣੀ ਹੈ ਅਤੇ ਕੌੜੀ ਗੱਲ 'ਤੇ ਮਿੱਠਾ ਲੇਪ ਕਿਵੇਂ ਚੜ੍ਹਾਉਣਾ ਹੈ, ਸਭ ਪ੍ਰੇਮੀ ਹੁਰਾਂ ਕੋਲੋਂ ਸਿੱਖ ਲਿਆ। ਪ੍ਰੇਮੀ ਗਰੁੱਪ ਵਿੱਚ ਪਰਗਣ ਰੰਜਨਾ ਨਾਲ ਇੱਕ-ਦੋ ਗੀਤ ਗਾਉਂਦਾ, ਜਿਨ੍ਹਾਂ ਵਿੱਚੋਂ 'ਛੱਲੀਆਂ, ਛੱਲੀਆਂ, ਛੱਲੀਆਂ, ਵੀਰਾ ਮੈਨੂੰ ਲੈ ਚੱਲ ਵੇ, ਮੇਰੀਆਂ ਕੱਤਣ ਸਹੇਲੀਆਂ 'ਕੱਲੀਆਂ' ਉਸ ਨੂੰ ਅੱਜ ਵੀ ਚੇਤੇ ਹੈ। ਜਲੰਧਰ ਰਹਿੰਦਿਆਂ ਹੀ ਉਸਦਾ ਯਾਰਾਨਾ ਪੂਰਨ ਸ਼ਾਹਕੋਟੀ ਨਾਲ ਪਿਆ ਤੇ ਉਸ ਨਾਲ ਯਾਰੀ ਦੀਆਂ ਗੱਲਾਂ ਕਰਦਾ ਉਹ ਅੱਜ ਵੀ ਗਦ-ਗਦ ਹੋ ਉੱਠਦੈ।

ਇੱਕ ਵਾਰ ਕੋਈ ਸਾਥੀ ਪਰਗਣ ਨੂੰ ਰੇਲਵੇ 'ਚ ਕੰਮ ਕਰਨ ਵਾਲੇ ਕਲਾਸੀਕਲ ਦੇ ਵੱਡੇ ਫ਼ਨਕਾਰ ਦੀਪਕ ਸਾਹਿਬ ਕੋਲ ਲੈ ਗਿਆ। ਅਖੇ, 'ਨਵਾਂ ਮੁੰਡਾ ਐ ਜੀ, ਇਹਨੂੰ ਸੁਣ ਕੇ ਅਸ਼ੀਰਵਾਦ ਦਿਓ।' ਉਨ੍ਹਾਂ ਆਖਿਆ, 'ਲਓ ਫਿਰ ਸੁਣਾਓ।' ਪਰਗਣ ਬੋਲਿਆ, 'ਉਸਤਾਦ ਜੀ ਹਰਮੋਨੀਅਮ ਤਾਂ ਦਿਓ।' ਉਨ੍ਹਾਂ ਆਖਿਆ, 'ਇੱਥੇ ਹਰਮੋਨੀਅਮ ਤਾਂ ਹੈ ਨਹੀਂ, ਆਹ ਪੱਖਾ ਚਲਾ ਦਿੰਦੇ ਆਂ, ਇਹ ਦੇ ਬੇਸ ਨਾਲ ਬੇਸ ਮਿਲਾ ਕੇ ਗਾਉਣਾ ਸ਼ੁਰੂ ਕਰ ਦਿਓ।' ਪੱਖੇ ਨੇ ਸਪੀਡ ਫੜੀ ਤਾਂ ਪਰਗਣ ਨੇ ਉਸ ਦੀ ਅਵਾਜ਼ ਨਾਲ ਸੁਰ ਮਿਲਾ ਲਈ, 'ਸਾਤ ਸੁਰੋਂ ਕਾ ਬਹਿਤਾ ਦਰਿਆ।' ਦੀਪਕ ਸਾਹਿਬ ਬੜੇ ਖ਼ੁਸ਼ ਹੋਏ ਤੇ ਉਨ੍ਹਾਂ ਉਸ ਨੂੰ ਅੰਦਰ ਲਿਜਾ ਕੇ ਵੱਡੇ-ਵੱਡੇ ਫ਼ਨਕਾਰਾਂ ਦੀਆਂ ਤਸਵੀਰਾਂ ਦੇ ਦਰਸ਼ਨ ਕਰਵਾਏ ਅਤੇ ਪ੍ਰੀਖਿਆ 'ਚੋਂ ਪਾਸ ਕਰ ਦਿੱਤਾ।

ਸਮਾਂ ਲੰਘਦਾ ਗਿਆ ਤੇ ਇੱਕ ਦਿਨ ਪ੍ਰੇਮੀ ਨੇ ਆਖਿਆ, 'ਪਰਗਣਾ ਜਿੰਨਾ ਤੈਨੂੰ ਸਿੱਖਣਾ ਚਾਹੀਦਾ ਸੀ, ਤੂੰ ਸਿੱਖ ਲਿਆ, ਅਸੀਂ ਤਾਂ ਲੋਕ ਸੰਪਰਕ ਵਿਭਾਗ ਦੇ ਸਰਕਾਰੀ ਪ੍ਰੋਗਰਾਮ ਕਰਦੇ ਹਾਂ, ਪ੍ਰਾਈਵੇਟ ਨਹੀਂ। ਹੁਣ ਤੂੰ ਲੁਧਿਆਣੇ ਦੀ ਮੰਡੀ 'ਚ ਜਾਹ ਤੇ ਲੋਕਾਂ ਦਾ ਕਲਾਕਾਰ ਬਣ।'




ਉਸਤਾਦ ਦਾ ਕਹਿਣਾ ਮੰਨ ਪਰਗਣ ਲੁਧਿਆਣੇ ਆ ਗਿਆ, ਪਰ ਇਸ ਮਾਰਕੀਟ ਵਿੱਚ ਛੇ-ਸੱਤ ਸਾਲ ਉਸ ਦੇ ਪੈਰ ਨਾ ਲੱਗੇ। ਸੀਨੀਅਰ ਗਾਇਕਾਂ ਅੱਗੇ ਨਵੇਂ ਉੱਠਦੇ ਗਾਇਕਾਂ ਦੀ ਬਹੁਤੀ ਵੁੱਕਤ ਨਹੀਂ ਸੀ। ਸੋ ਪਰਗਣ ਕਦੇ ਕਿਹੜੇ ਕਲਾਕਾਰ ਨਾਲ ਪ੍ਰੋਗਰਾਮ 'ਤੇ ਜਾਂਦਾ ਤੇ ਕਦੇ ਕਿਹੜੇ ਨਾਲ। ਉਹ ਦੱਸਦਾ ਹੈ, 'ਉਸਤਾਦ ਲਾਲ ਚੰਦ ਯਮਲਾ ਜੱਟ, ਨਰਿੰਦਰ ਬੀਬਾ ਤੇ ਹੋਰ ਸੀਨੀਅਰ ਕਲਾਕਾਰਾਂ ਨਾਲ ਮੈਂ ਪ੍ਰੋਗਰਾਮਾਂ 'ਤੇ ਚਲਾ ਜਾਂਦਾ ਸਾਂ। ਜਦੋਂ ਉਨ੍ਹਾਂ ਆਖਣਾ, 'ਚੱਲ ਇੱਕ ਗੀਤ ਤੂੰ ਵੀ ਗਾ ਲੈ' ਤਾਂ ਮੈਂ ਗਾ ਛੱਡਣਾ। ਜੇਬ ਖਰਚੇ ਦੇ ਤੌਰ 'ਤੇ ਉਹ ਮੈਨੂੰ ਤੀਹ-ਪੈਂਤੀ ਰੁਪਏ ਦੇ ਦਿੰਦੇ ਤੇ ਮੇਰਾ ਗਾਉਣ ਦਾ ਝੱਸ ਪੂਰਾ ਹੋਣ ਦੇ ਨਾਲ-ਨਾਲ ਖਰਚਾ ਤੁਰਿਆ ਜਾਂਦਾ।'

ਆਪਣੀ ਰਿਕਾਰਡਿੰਗ ਦੀ ਸ਼ੁਰੂਆਤ ਚੇਤੇ ਕਰਦਿਆਂ ਪਰਗਣ ਦਿਮਾਗ਼ 'ਤੇ ਜ਼ੋਰ ਪਾਉਂਦਾ ਹੈ। 'ਮੇਰੀ ਗੁਡੀਆ ਹੁਣ ਪੱਚੀ ਕੁ ਸਾਲ ਦੀ ਐ ਤੇ ਉਹਦੇ ਜੰਮਣ ਤੋਂ ਸਾਲ ਕੁ ਪਹਿਲਾਂ ਮੇਰਾ ਪਹਿਲਾ ਰਿਕਾਰਡ ਆਇਆ ਸੀ, ਮਤਲਬ ਛੱਬੀ ਕੁ ਸਾਲ ਪਹਿਲਾਂ...।' ਪਰਗਣ ਦਾ ਪਹਿਲਾ ਹੀ ਈ.ਪੀ. ਰਿਕਾਰਡ ਸਫ਼ਲ ਹੋ ਗਿਆ। 'ਐਚ.ਐਮ.ਵੀ' ਨੇ ਇਸ ਨੂੰ ਰਿਲੀਜ਼ ਕੀਤਾ ਤੇ ਇਸ ਦੇ ਦੋਗਾਣਿਆਂ ਵਿੱਚ ਉਸ ਦਾ ਸਾਥ ਨੀਲਮ ਗਿੱਲ ਨੇ ਦਿੱਤਾ। ਉਸ ਵਿਚਲੇ ਗੀਤ 'ਨਾਲੇ ਮੁੰਡੇ ਰੰਨਾਂ ਭਾਲਦੇ, ਨਾਲੇ ਕੁੜੀਆਂ ਜੰਮਣ ਤੋਂ ਡਰਦੇ', 'ਗੱਡੀ ਜੱਟ ਦੀ ਧੂੜਾਂ ਜਾਂਦੀ ਪੱਟਦੀ', 'ਜੀਜਾ ਵੇ ਛੰਦ ਸੁਣਾਈਂ' ਤੇ 'ਫੁੱਲ ਵਾਂਗੂੰ ਹੌਲੀ ਕਰਦੂੰਗਾ ਸੋਤਾਂ ਦੀ ਸੇਵਾ ਕਰਿਆ ਕਰ' ਕਮਾਲ ਕਰ ਗਏ। ਲੁਧਿਆਣੇ ਦੇ ਕਲਾਕਾਰਾਂ ਵਿੱਚ ਉਸ ਦੀ ਜਾਣ-ਪਛਾਣ ਦਾ ਦਾਇਰਾ ਵਧ ਗਿਆ। ਪਰਗਣ ਨੇ ਪ੍ਰੋਗਰਾਮ ਬੁਕਿੰਗ ਦਾ ਦਫ਼ਤਰ ਖੋਲ੍ਹ ਲਿਆ ਤੇ ਉਸ ਨੂੰ ਲੋਕ ਸਾਈਆਂ ਫੜਾਉਣ ਲੱਗ ਗਏ।

ਇਸ ਰਿਕਾਰਡ ਦੀ ਸਫ਼ਲਤਾ ਤੋਂ ਬਾਅਦ ਪਰਗਣ ਨੂੰ ਕੰਪਨੀ ਦੇ ਜ਼ਹੀਰ ਅਹਿਮਦ ਦੀ ਚਿੱਠੀ ਆਈ, 'ਤੁਹਾਡਾ ਰਿਕਾਰਡ ਵਧੀਆ ਵਿਕਿਆ ਹੈ, ਚਾਰ ਹੋਰ ਗੀਤਾਂ ਦੀ ਛੇਤੀ ਤਿਆਰੀ ਕਰੋ, ਨਵਾਂ ਰਿਕਾਰਡ ਰਿਲੀਜ਼ ਕਰਨਾ ਹੈ।' ਪਰਗਣ ਨੇ ਨਵਾਂ ਰਿਕਾਰਡ ਕਰਨ ਲਈ ਨੀਲਮ ਨੂੰ ਆਖਿਆ, ਪਰ ਕਿਸੇ ਮਜਬੂਰੀ ਵੱਸ ਉਹ ਗਾ ਨਾ ਸਕੀ ਤੇ ਪਰਗਣ ਦਾ ਦੂਜਾ ਰਿਕਾਰਡ ਪਰਮਜੀਤ ਪਾਲੀ ਨਾਲ ਮਾਰਕੀਟ ਵਿੱਚ ਆਇਆ। ਇਸ ਵਿਚਲੇ 'ਸੱਤਾਂ ਪੋਰੀਆਂ ਦੀ ਡਾਂਗ 'ਚ ਗੰਡਾਸਾ ਜੱਟ ਨੇ ਦੇਖ ਰੱਖਿਆ ਜੜਾ ਕੇ' ਤੇ 'ਚੜ੍ਹ ਗਿਆ ਪੋਹ ਨੀਂ ਭਾਬੀ' ਗੀਤਾਂ ਨੇ ਵਾਹਵਾ ਰੰਗ ਬੰਨ੍ਹਿਆ। ਪਰਗਣ ਦੇ ਬਹੁਤੇ ਰਿਕਾਰਡ ਨਹੀਂ ਆਏ, ਮਸਾਂ ਪੰਜ-ਛੇ ਆਏ ਹੋਣਗੇ। ਪਰ ਉਨ੍ਹਾਂ ਰਿਕਾਰਡਾਂ ਦਾ ਜਾਦੂ ਏਨਾ ਕੁ ਸਿਰ ਚੜ੍ਹ ਕੇ ਬੋਲਿਆ ਕਿ ਉਸ ਦਾ ਨਾਂ ਉਦੋਂ ਦੇ ਵੱਡੇ ਗਾਇਕਾਂ ਵਿੱਚ ਗਿਣਿਆ ਜਾਣ ਲੱਗਾ। ਪਰਗਣ ਦੱਸਦਾ ਹੈ, 'ਉਦੋਂ ਕੰਪਨੀ ਵਾਲੇ ਨਵੇਂ ਕਲਾਕਾਰ ਦਾ ਇੱਕ ਗੀਤ ਪਹਿਲਾਂ ਮਾਣਕ, ਸਦੀਕ ਜਾਂ ਕਿਸੇ ਹੋਰ ਸੀਨੀਅਰ ਕਲਾਕਾਰ ਦੇ ਰਿਕਾਰਡ 'ਚ ਪਾਉਂਦੇ ਹੁੰਦੇ ਸਨ, ਜੇ ਲੋਕ ਨਵੀਂ ਅਵਾਜ਼ ਨੂੰ ਪਸੰਦ ਕਰਦੇ ਤਾਂ ਹੀ ਉਸ ਦਾ ਪੂਰਾ ਰਿਕਾਰਡ ਆਉਂਦਾ ਸੀ।'

ਨੀਲਮ ਗਿੱਲ, ਪਰਮਜੀਤ ਪਾਲੀ, ਮੀਨਾ ਸ਼ਰਮਾ, ਸੁਰਿੰਦਰ ਸੋਹਣੀ ਤੇ ਇੱਕ-ਦੋ ਹੋਰ ਕੁੜੀਆਂ ਨਾਲ ਪਰਗਣ ਦੇ ਰਿਕਾਰਡ ਆਏ, ਇੱਕ-ਦੋਹਾਂ ਦੇ ਤਾਂ ਨਾਂ ਹੀ ਉਸ ਨੂੰ ਚੇਤੇ ਨਹੀ। ਸਟੇਜਾਂ ਉਸ ਨੇ ਜਗਮੋਹਣ ਕੌਰ, ਨਰਿੰਦਰ ਬੀਬਾ, ਸਵਰਨ ਲਤਾ, ਰੰਜਨਾ, ਸਰਬਜੀਤ ਕੋਕੇਵਾਲੀ, ਗੁਲਸ਼ਨ ਕੋਮਲ, ਸੁੱਖੀ ਕਾਂਤੀ, ਹਰਜੀਤ ਗਿੱਲ, ਸੁਰਿੰਦਰ ਸੋਹਣੀ, ਮਨਜੀਤ ਭੁੱਲਰ, ਪਰਮਜੀਤ ਪਾਲੀ ਤੇ ਉਪਿੰਦਰ ਕੌਰ ਨਾਲ ਸਾਂਝੀਆਂ ਕੀਤੀਆਂ। ਪਰਗਣ ਦੇ ਸਾਰੇ ਰਿਕਾਰਡ ਵੱਖੋ-ਵੱਖਰੀਆਂ ਕੁੜੀਆਂ ਨਾਲ ਆਏ ਤੇ ਇਸ ਬਾਰੇ ਉਸ ਦਾ ਆਖਣੈ, 'ਸਾਡੀ ਮਾਰਕੀਟ ਵਿੱਚ ਸ਼ੁਰੂ ਤੋਂ ਲੱਤਾਂ ਖਿੱਚਣ ਦਾ ਰਿਵਾਜ ਚੱਲ ਰਿਹੈ। ਮੈਂ ਜਿਹੜੀ ਕੁੜੀ ਨਾਲ ਗਰੁੱਪ ਬਣਾਉਂਦਾ, ਵੱਡੇ ਕਲਾਕਾਰ ਉਸ ਨੂੰ ਆਪਣੇ ਵੱਲ ਖਿੱਚ ਲੈਂਦੇ।' ਉਹ ਕੁੜੀ ਨੂੰ ਆਖਦੇ, 'ਤੈਨੂੰ ਪਰਗਣ ਸੌ ਰੁਪਈਆ ਦਿੰਦੈ, ਆਹ ਲੈ ਸਾਥੋਂ ਪੰਜ ਸੌ, ਇਹ ਨੂੰ ਛੱਡ ਦੇ, ਇਸ ਕਰਕੇ ਹਰ ਵਾਰ ਰਿਕਾਰਡਿੰਗ ਲਈ ਵੱਖਰੀ ਕੁੜੀ ਨੂੰ ਲਿਜਾਣਾ ਪੈਂਦਾ ਸੀ।' ਪਰਗਣ ਦਾ ਰੇਡੀਓ 'ਤੇ ਗਾਉਣ ਦਾ ਸਿਲਸਿਲਾ 1976-77 ਦੌਰਾਨ ਸ਼ੁਰੂ ਹੋਇਆ। ਨਰਿੰਦਰ ਬੀਬਾ ਉਸ ਨੂੰ ਰੇਡੀਓ 'ਤੇ ਲੈ ਕੇ ਗਈ ਤੇ ਆਖਿਆ, 'ਇਹ ਮੁੰਡਾ ਥੋਡੇ ਕੰਮ ਦਾ ਏ, ਅਵਾਜ਼ ਚੈੱਕ ਕਰ ਲਵੋ, ਜੇ ਠੀਕ ਲੱਗੀ ਤਾਂ ਮਾਨਤਾ ਪ੍ਰਾਪਤ ਕਲਾਕਾਰ ਬਣਾ ਲਵੋ।' ਰੇਡੀਓ ਵਾਲਿਆਂ ਨੂੰ ਪਰਗਣ ਦੀ ਅਵਾਜ਼ ਪਸੰਦ ਆ ਗਈ ਤੇ ਦੋ ਸਾਲ ਪਹਿਲਾਂ ਤੱਕ ਉਹ ਉਥੇ ਗਾਉਂਦਾ ਰਿਹਾ। ਹੁਣ ਉਸ ਨੇ ਰੇਡੀਓ 'ਤੇ ਜਾਣਾ ਬੰਦ ਕਰ ਦਿੱਤਾ ਹੈ, ਸਿਹਤ ਪੂਰੀ ਤਰ੍ਹਾਂ ਤੰਦਰੁਸਤ ਨਾ ਹੋਣ ਕਰਕੇ।

ਪਰਗਣ ਦੀ ਇੱਕ ਕੈਸਿਟ ਸੁਰਿੰਦਰ ਸੋਨੀਆ ਨਾਲ ਰਿਕਾਰਡ ਹੋਈ, ਪਰ ਉਹ ਕਿਸੇ ਕਾਰਨ ਰਿਲੀਜ਼ ਨਹੀਂ ਹੋ ਸਕੀ। 1982 ਦੇ ਨੇੜੇ-ਤੇੜੇ ਪਰਗਣ ਦਾ ਵਿਆਹ ਮਨਜੀਤ ਕੌਰ ਨਾਲ ਹੋ ਗਿਆ। ਗੱਲੀਂ-ਬਾਤੀਂ ਉਹ ਦੱਸਦਾ ਹੈ, 'ਜੇ ਮਨਜੀਤ ਦੀ ਅਵਾਜ਼ ਵਧੀਆ ਹੁੰਦੀ ਤਾਂ ਸਾਨੂੰ ਪੈਸੇ ਦੀ ਤੰਗੀ ਨਹੀਂ ਸੀ ਆਉਣੀ ਕਿਉਂਕਿ ਜਦੋਂ ਘਰ ਦੀ ਜੋੜੀ ਹੋਵੇ, ਉਦੋਂ ਜ਼ਿਆਦਾ ਬਰਕਤ ਹੁੰਦੀ ਹੈ। ਬਾਹਰਲੀ ਕੁੜੀ ਨੂੰ ਜਦੋਂ ਫ਼ੀਸ ਦੇਈਦੀ ਹੈ ਤਾਂ ਬਹੁਤ ਘੱਟ ਬਚਦਾ ਹੈ। ਮਨਜੀਤ ਨੂੰ ਗਵਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਗੱਲ ਨਾ ਬਣ ਸਕੀ।'

ਇੱਕ ਗੀਤ ਨੂੰ ਚੇਤੇ ਕਰਕੇ ਉਹ ਹੱਸ ਪੈਂਦੈ। ਉਸ ਦਾ ਇੱਕ ਭਰਾ ਪੂਰਾ ਅਮਲੀ ਸੀ, ਨਸ਼ੇ-ਪੱਤੇ 'ਚ ਟੱਲੀ ਰਹਿਣ ਵਾਲਾ। ਜਦੋਂ ਪਰਗਣ ਦਾ 'ਅਮਲੀ' ਵਾਲਾ ਗੀਤ ਸਪੀਕਰਾਂ 'ਚ ਵੱਜਣ ਲੱਗਾ ਤਾਂ ਅਮਲੀ ਗੁੱਸੇ ਹੋ ਗਿਆ, ਅਖੇ, 'ਇਹ ਗੀਤ ਗਾਏ ਬਿਨਾਂ ਸਰਦਾ ਨਹੀਂ ਸੀ ਤੇਰਾ, ਭਰਾ ਨੂੰ ਵੀ ਨਹੀਂ ਬਖਸ਼ਿਆ ਗਾਣੇ 'ਚ।' ਪਰਗਣ ਨੇ ਉਸ ਨੂੰ ਸਮਝਾਇਆ, 'ਦੁਨੀਆਂ 'ਚ ਤੂੰ ਹੀ ਇਕੱਲਾ ਅਮਲੀ ਨਹੀਂ, ਲੱਖਾਂ ਅਮਲੀ ਏਸ ਜਹਾਨ 'ਚ ਬੈਠੇ ਨੇ।' ਪਰ ਉਸ ਦਾ ਗੁੱਸਾ ਛੇਤੀ ਠੰਢਾ ਨਾ ਹੋਇਆ। ਉਹ ਗੀਤ ਪਰਗਣ ਨੇ ਸੁਰਿੰਦਰ ਸੋਹਣੀ ਨਾਲ ਗਾਇਆ ਸੀ ਤੇ ਉਸ ਦੀ ਬੜੀ ਚਰਚਾ ਹੋਈ। ਗੀਤ 'ਚ ਉਹ ਆਖਦਾ ;

ਪੈ ਗਈਆਂ ਅਮਲੀ 'ਤੇ ਕਣੀਆਂ,
ਰੱਬਾ ਜਾਨ ਮੇਰੀ ਨੂੰ ਬਣੀਆਂ।
ਮੇਰੇ ਪੈਣ ਜੜਾਕੇ ਬਾਹਾਂ ਦੇ
ਤੇ ਰਗਾਂ ਪਈਆਂ ਨੇ ਤਣੀਆਂ।
ਤੂੰ ਮਾਲਿਸ਼ ਕਰਦੇ ਬਚਨ ਕੁਰੇ,
ਨੀਂ ਖ਼ੂਨ ਖੜ ਗਿਆ ਬਾਹਾਂ ਦਾ,
ਜਿਹਾ ਮੀਂਹ ਅਮਲੀ 'ਤੇ ਪੈ ਗਿਆ,
ਸਮਝੋ ਭਿੱਜ ਗਿਆ ਨੋਟ ਪੰਜਾਹਾਂ ਦਾ।


ਅੱਗੋਂ ਸੋਹਣੀ ਦਾ ਜਵਾਬ ਵੀ ਕਮਾਲ ਸੀ, ਜਿਸ ਵਿੱਚ ਉਹ ਅਮਲੀ ਦੀਆਂ ਕਰਤੂਤਾਂ 'ਤੇ ਹੈਰਾਨ ਵੀ ਹੁੰਦੀ ਤੇ ਪ੍ਰੇਸ਼ਾਨ ਵੀ। ਉਹ ਕਹਿੰਦੀ :

ਤੜਕੇ ਉੱਠ ਕੇ ਸੁਬ੍ਹਾ ਸਵੇਰੇ,
ਕੀ ਤੂੰ ਲੈਣ ਗਿਆ ਸੀ 'ਨੇਰੇ।
ਵੇ ਤੂੰ ਚੋਰੀ ਚੁਗੇਂ ਕਪਾਹਾਂ,
ਆ ਗਈ ਗੱਲ ਅਕਲ ਵਿੱਚ ਮੇਰੇ।
ਮੈਂ ਵੀ ਆਖਾਂ ਰੋਜ਼ ਰੁਪਈਏ,
ਆਉਂਦੇ ਕਿੱਥੋਂ 'ਫ਼ੀਮਾਂ ਨੂੰ।
ਮੈਂ ਮੰਨ ਗਈ ਵੇ ਲੋਕੋ,
ਅਮਲੀ ਦੀਆਂ ਸਕੀਮਾਂ ਨੂੰ।

# ਸਿਜ਼ੇਰੀਅਨ ਸੈਕਸ਼ਨ ( ਵੱਡਾ ਆਪ੍ਰੇਸ਼ਨ)

ਨਰੇਸ਼ ਕੁਮਾਰੀ ਸ਼ਰਮਾ
+02041755894





### ਸੰਖੇਪ ਚਰਚਾ

ਇਹ ਆਪ੍ਰੇਸ਼ਨ ਬਚੇ ਦੇ ਜਨਮ ਦਾ ਇੱਕ ਤਰੀਕਾ ਹੈ। ਕਈ ਕਾਰਨ ਹੁੰਦੇ ਹਨ,ਜਦੋਂ ਬੱਚੇ ਦੇ ਨੌਰਮਲ ਜਨਮ ਵਿੱਚ ਮਾਂ ਤੇ ਬੱਚੇ,ਦੋਨਾਂ ਦੀ ਜਾਨ ਨੂੰ ਜਾਂ ਇੱਕ ਨੂੰ ਖਤਰਾ ਹੋ ਸਕਦਾ ਹੈ। ਅਜਿਹੀ ਹਾਲਤ ਵਿੱਚ ਡਾ ਅਗਾਊਂ ਹੀ ਓਪਰੇਸ਼ਨ ਕਰਕੇ ਮਾਂ ਤੇ ਬੱਚੇ ਦੋਨਾਂ ਦੀ ਜਾਨ ਬਚਾ ਲੈਂਦੇ ਹਨ।

### ਤਕਨੀਕ ਦੀ ਸੰਖੇਪ ਜਾਣਕਾਰੀ

ਆਮ ਤੌਰ ਤੇ ਮਾਂ ਦਾ ਹੇਠਲਾ ਧੜ ਸੁੰਨ ਕਰ ਦਿੱਤਾ ਜਾਂਦਾ ਹੈ। ਹੁਣ ਮਾਂ ਦੇ ਪੇਟ ਉੱਤੇ ਕੱਟ ਲਗਾਇਆ ਜਾਂਦਾ ਹੈ। ਇਹ ਚੀਰਾ ਧੁੰਨੀ ਤੋਂ ਥੱਲੇ ਸਿੱਧਾ ਜਾਂ ਟਰਾਂਸਵਰਸ ਬਣਾਇਆ ਜਾਂਦਾ ਹੈ। ਫਿਰ ਬੱਚੇਦਾਨੀ ਉਪਰ ਬੜੇ ਹੀ ਧਿਆਨ ਨਾਲ ਚੀਰਾ ਦੇ ਕੇ ਬੱਚੇ ਨੂੰ ਫੁਰਤੀ ਨਾਲ ਬਾਹਰ ਕੱਢ ਲਿਆ ਜਾਂਦਾ ਹੈ ਤਾਂ ਜੋ ਅਮਨਿਓਟਿਕ ਫਲਿਊਡ ਬੱਚੇ ਦੀ ਸਾਹ ਨਲੀ ਵਿੱਚ ਨਾ ਚਲਾ ਜਾਵੇ। ਹੁਣ ਬੱਚੇ ਨੂੰ ਰੁਆਇਆ ਜਾਂਦਾ ਹੈ ਤਾਂ ਜੋ ਉਸਦੀ ਸਾਹ ਪ੍ਰਨਾਲੀ ਕੰਮ ਕਰਨ ਲੱਗ ਪਵੇ ।

ਦੂਸਰੇ ਪਾਸੇ ਉਨੀ ਹੀ ਤੇਜੀ ਤੇ ਨਿਪੁੰਨਤਾ ਨਾਲ ਖ਼ੂਨ ਦੇ ਵਹਾਅ ਨੂੰ ਘੱਟ ਤੋਂ ਘੱਟ ਰੱਖਣ ਲਈ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਤੇ ਨਾਲ ਦੀ ਨਾਲ ਉਸੇ ਫੁਰਤੀ ਨਾਲ ਟਾਂਕੇ ਲਾਉਣੇ ਆਰੰਭ ਕਰ ਦਿੱਤੇ ਜਾਂਦੇ ਹਨ। ਸਭ ਤੋਂ ਪਹਿਲਾਂ ਬੱਚੇਦਾਨੀ ਨੂੰ,ਉਸਦੀਆਂ ਟਿਸ਼ੂ ਤਹਿਆਂ ਅਨੁਸਾਰ ਜੋੜਿਆ ਜਾਂਦਾ ਹੈ। ਉਪਰੰਤ ਚੀਰੇ ਨੂੰ ਤਹਿਆਂ ਅਨੁਸਾਰ, ਜਿਸ ਕਰਮ ਵਿੱਚ ਕੱਟਿਆ ਗਿਆ ਸੀ,ਉਸੇ ਹੀ ਕ੍ਰਮਵਾਰ ਜੋੜਿਆ ਤੇ ਟਾਂਕੇ ਲਗਾਏ ਜਾਂਦੇ ਹਨ। ਆਪਜੀ ਦੀ ਜਾਨਕਾਰੀ ਲਈ ਦੱਸ ਦਿਆਂ ,ਇਹ ਟਾਂਕੇ, ਸ਼ੀਥ, ਮਸਲਜ਼,ਐਡੀਪੋਜ ਟਿਸੂਜ (ਫੈਟੀ ਲੇਅਰ ) ਤੇ ਸਕਿਨ ਨੂੰ ਅੱਡ ਅੱਡ ਲਗਾਏ ਜਾਂਦੇ ਹਨ। ਇਸ ਸਾਰੀ ਪ੍ਰਕਿਰਿਆ ਦੌਰਾਨ ਮਾਂ ਦਾ ਬਲੱਡ ਪਰੈਸ਼ਰ, ਨਬਜ਼,ਸ਼ਾਹ ਪ੍ਰਕਿਰਿਆ, ਆਕਸੀਜਨ ਲੈਵਲ ਤੇ ਚੇਤਨਾ ਆਦਿ ਤੇ ਲਗਾਤਾਰ ਨਜ਼ਰ ਰੱਖੀ ਜਾਂਦੀ ਹੈ। ਇਸ ਸਮੇਂ ਸਾਰੇ ਸਟਾਫ ਦਾ ਪੂਰਾ ਧਿਆਨ ਇਕਾਗਰ ਹੋ ਕੇ ਮਰੀਜ਼ ਨੂੰ ਛੇਤੀ ਤੋਂ ਛੇਤੀ ਟਾਂਕੇ ਲਾ ਕੇ ਨਾਰਮਲ ਕਰਨ ਤੇ ਲੱਗਿਆ ਹੁੰਦਾ ਹੈ।

ਸਿਜ਼ੇਰੀਅਨ ਸੈਕਸ਼ਨ ਕਰਨ ਦੀ ਕਿਓਂ ਲੋੜ ਪੈਂਦੀ ਹੈ? (Inidcaitons)

ਨਾਰਮਲ ਡਿਲਿਵਰੀ ਬੱਚੇ ਦੇ ਜਨਮ ਦਾ,ਸਾਰੇ ਤਰੀਕਿਆਂ ਨਾਲੋਂ ਸੁਰੱਖਿਅਤ ਤਰੀਕਾ ਮੰਨਿਆ ਜਾਂਦਾ ਹੈ,ਪਰ ਜਦੋਂ ਅਸੈਸਮੈਂਟ ਕਰਨ ਤੇ ਮਾਂ ਜਾਂ ਬੱਚੇ ਨੂੰ ਨਾਰਮਲ ਡਿਲਿਵਰੀ ਨਾਲ ਖਤਰਾ ਹੋਵੇ ਤਾਂ ਬੱਚੇ ਨੂੰ ਮਾਂ ਦਾ ਪੇਟ ਕੱਟ ਕੇ ਬਾਹਰ ਕੱਢਿਆ ਜਾਂਦਾ ਹੈ । ਇਸਦੇ ਕੁਝ ਕਾਰਣ ਹੇਠ ਲਿਖੇ ਮੁਤਾਬਕ ਹਨ ।

# ਪੈਲਵਿਕ ਬੋਨ ਦਾ ਤੰਗ ਜਾਂ ਬੱਚੇ ਦਾ ਸਿਰ ਵੱਢਾ ਹੋਣਾ।

# ਬੱਚੇ ਦੇ ਦਿਲ ਦੀ ਧੜਕਨ ਵਧ ਜਾਂ ਘਟ ਜਾਣੀ ਜਾਂ ਪ੍ਰਸੂਤੀ ਦੌਰਾਨ ਬੱਚੇ ਦਾ ਸਿਰ ਫਸ ਜਾਣਾ।

# ਪਾਣੀ ਵਾਲੀ ਥੈਲੀ ਦਾ ਫਟ ਜਾਣਾ ਜਾਂ ਨਾੜੂਏ ਦੇ ਬੱਚੇ ਦੀ ਗਰਦਨ ਦੁਆਲੇ ਕਈ ਵਲੇਂਵਿਆਂ ਦਾ ਹੋਣਾ ।

# ਗਰਭ ਵਿੱਚ ਦੋ ਜਾਂ ਦੋ ਤੋਂ ਵੱਧ ਬੱਚਿਆਂ ਦਾ ਹੋਣਾ ਜਾਂ ਬੱਚੇ ਦੀ ਪੋਜੀਸਨ ਵਰਟੈਕਸ ਨਾ ਹੋਕੇ ਬ੍ਰੀਚ ਜਾਂ ਕੁਝ ਹੋਰ ਹੋਣੀ।

# ਪਹਿਲਾਂ ਵੀ ਸਿਜ਼ੇਰੀਅਨ ਹੋਇਆ ਹੋਣਾ ਜਾਂ ਡਿਲਿਵਰੀ ਤੋਂ ਪਹਿਲਾਂ ਮਾਂ ਦੇ ਬਹੁਤ ਜ਼ਿਆਦਾ ਖ਼ੂਨ ਪੈਣ ਲੱਗ ਜਾਣਾ।

# ਮਾਂ ਦਾ ਮਾਨਸਿਕ ਰੋਗੀ ਹੋਣਾ ਜਾਂ ਐਕਸੀਡੈਂਟ ਦੇ ਹਾਲਾਤ।

### ਓਪਰੇਸ਼ਨ ਤੋਂ ਪਹਿਲਾਂ ਲਈ ਕੁਝ ਸੁਝਾਅ

# ਜਿਵੇਂ ਕਿ ਇਸਨੂੰ ਵੱਡਾ ਆਪ੍ਰੇਸ਼ਨ ਕਿਹਾ ਜਾਂਦਾ ਹੈ, ਇਸੇ ਕਾਰਨ ਇਸਦੇ ਨਾਮ ਤੋਂ ਹੀ ਪਰਿਵਾਰ ਡਰਨ ਲੱਗ ਪੈਂਦਾ ਹੈ,ਪਰ ਡਰਨ ਦੀ ਕੋਈ ਲੋੜ ਨਹੀਂ। ਐਨਸਥੀਜੀਆ ਨਾਲ ਸਰੀਰ ਦਾ ਹੇਠਲਾ ਹਿੱਸਾ ਸੁੰਨ ਕਰ ਲਿਆ ਜਾਂਦਾ ਹੈ,ਸੋ ਚੀਰੇ ਤੇ ਟਾਂਕਿਆ ਆਦਿ ਦਾ ਪਤਾ ਹੀ ਨਹੀਂ ਲੱਗਦਾ। ਰਹਿ ਗਈ ਟੈਂਸ਼ਨ ਦੀ ਗੱਲ,ਉਹ ਦਿਮਾਗ਼ ਕੀ ਕਿਰਿਆ ਨੂੰ ਹੌਲੀ ਕਰਨ ਲਈ ਨਸ਼ੇ ਦੇ ਟੀਕੇ ਲਗਾ ਦਿੱਤੇ ਜਾਂਦੇ ਹਨ। ਮਾਂ ਹੋਸ਼ ਵਿੱਚ ਹੁੰਦਿਆਂ ਤੇ ਡਾਕਟਰਾਂ ਨਾਲ ਗੱਲਾਂ ਕਰਦਿਆਂ ਬਿਲਕੁਲ ਠੀਕ ਮਹਿਸੂਸ ਕਰਦੀ ਹੈ।

# ਆਪਣੀ ਮਾਨਸਿਕਤਾ ਨੂੰ ਤਾਕਤਵਰ ਬਨਾਉਣ ਲਈ ਮਾਂ ਨੂੰ ਪਹਿਲਾਂ ਤੋਂ ਹੀ ਯੋਗਾ,ਮੈਡੀਟੇਸ਼ਨ, ਤੇ ਪਾਠ ਪੂਜਾ ਵੱਲ ਧਿਆਨ ਲਾਉਣਾ ਚਾਹੀਦਾ ਹੈ।

# ਆਪਣੇ ਤੇ ਬੱਚੇ ਦੇ ਕੱਪੜੇ ਤੇ ਹੋ ਲੋੜੀਂਦੀਆਂ ਵਸਤਾਂ ਅਗਾਊਂ ਹੀ ਪੈਕ ਕਰਕੇ ਰੱਖ ਲੈਣੀਆਂ ਚਾਹੀਦੀਆਂ ਹਨ।

# ਜਿਸਮ ਦੇ ਵਾਲ ਤੇ ਨਹੁੰ ਕੱਟ ਲੈਣੇ ਚਾਹੀਦੇ ਹਨ ਤੇ ਬਾਰਾਂ ਘੰਟੇ ਪਹਿਲਾਂ ਖਾਲੀ ਪੇਟ ਰਹਿਣਾ ਚਾਹੀਦਾ ਹੈ।

# ਆਪ੍ਰੇਸ਼ਨ ਥਿਏਟਰ ਵਿੱਚ ਜਾਣ ਤੋਂ ਪਹਿਲਾਂ ਯੂਰਿਨ ਸਟੂਲ ਪਾਸ ਕਰ ਲੈਣਾ ਚਾਹੀਦਾ ਹੈ। ਬਾਕੀ ਹਾਸਪਿਟਲ ਵਾਲੇ ਆਪਣੇ ਮੁਤਾਬਿਕ ਤਿਆਰੀ ਕਰਵਾ ਲੈਂਦੇ ਹਨ।

### ਆਪ੍ਰੇਸ਼ਨ ਤੋਂ ਬਾਅਦ ਲਈ ਸੁਝਾਅ

# ਆਪ੍ਰੇਸ਼ਨ ਤੋਂ ਬਾਅਦ ਮਾਂ ਤੇ ਬੱਚੇ ਨੂੰ ਰਿਕਵਰੀ ਰੂਮ ਤੇ ਫਿਰ ਵਾਰਡ ਵਿੱਚ ਸ਼ਿਫਟ ਕੀਤਾ ਜਾਂਦਾ ਹੈ। ਹੁਣ ਐਨੈਸਥੀਸਿਆ ਦਾ ਅਸਰ ਘਟਣ ਲੱਗ ਪੈਂਦਾ ਹੈ ਤੇ ਚੀਰੇ ਵਿੱਚ ਦਰਦ ਹੋਣ ਲੱਗ ਜਾਂਦੀ ਹੈ । ਸਟਾਫ ਦਰਦ ਨਿਵਾਰਕ ਟੀਕਾ ਲਾਕੇ ਦਰਦ ਠੀਕ ਕਰ ਦਿੰਦੇ ਹਨ। ਗੁਲੂਕੋਜ਼ ਤੇ ਪਿਸ਼ਾਬ ਵਾਲੀ ਨਾਲੀ,ਪਿਸ਼ਾਬ ਦੀ ਮਾਤਰਾ ਤੇ ਖ਼ੂਨ ਦੇ ਰਿਸਾਵ ਨੂੰ ਥੋੜੇ ਥੋੜੇ ਟਾਈਮ ਬਾਅਦ ਚੈੱਕ ਕੀਤਾ ਜਾਂਦਾ ਹੈ ਤੇ ਚਾਰਟ ਤੇ ਨੋਟ ਕੀਤਾ ਜਾਂਦਾ ਹੈ।

# ਬੱਚੇ ਨੂੰ ਇੱਕ ਘੰਟੇ ਦੇ ਅੰਦਰ ਅੰਦਰ ਮਾਂ ਦੀ ਛਾਤੀ ਨਾਲ, ਦੁਧ ਪੀਣ ਦੀ ਜਾਂਚ ਸਿਖਾਉਣ ਲਈ, ਬੜੇ ਧਿਆਨ ਨਾਲ,ਲਗਾ ਦਿੱਤਾ ਜਾਂਦਾ ਹੈ। ਇਸ ਤਰਾਂ ਦੋ ਤਿੰਨ ਵਾਰੀ ਕਰਨ ਨਾਲ ਉਹ ਮਾਂ ਦਾ ਦੁੱਧ ਪੀਣਾ ਸਿੱਖ ਜਾਂਦਾ ਹੈ ਤੇ ਕੋਈ ਗੁੜ੍ਹਤੀ ਆਦਿ ਦੀ ਲੋੜ ਨਹੀਂ ਪੈਂਦੀ। ਹੁਣ ਬੱਚੇ ਦੇ ਪੇਸ਼ਾਬ ਤੇ ਲੈਟਰੀਨ ਦਾ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਨਾਲ ਹੀ ਠੰਢ ਤੋਂ ਬਚਾਕੇ ਤੇ ਦੁਧ ਪਿਲਾਉਣ ਤੋਂ ਬਾਅਦ ਛਾਤੀ ਨਾਲ ਲਾ ਕੇ ਡਕਾਰ ਜ਼ਰੂਰ ਦਵਾਉਣੀ ਚਾਹੀਦੀ ਹੈ। ਯਾਦ ਰੱਖਿਆ ਜਾਵੇ ਮਾਂ ਦੇ ਪਹਿਲੇ ਦੁਧ ਵਿੱਚ ਭਰਪੂਰ ਇਮਿਊਨਿਟੀ ਹੁੰਦੀ ਹੈ, ਉਸਨੂੰ ਕਦੇ ਸੁੱਟਣਾ ਨਹੀਂ ਚਾਹੀਦਾ।

# ਹੁਣ ਮਾਂ ਵੱਲ ਆਉਂਦੇ ਹਾਂ,ਸਰਜਰੀ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ , ਆਪਣੇ ਅੰਗ ਪੈਰ ਸਥਿਰ ਰੱਖਣ ਦੀ ਥਾਂ ਥੋੜੇ ਥੋੜੇ ਹਿਲਾਉਂਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ ,ਇਸ ਨਾਲ ਐਨੈਸਥੀਸਿਆ ਚੋਂ ਜਲਦੀ ਬਾਹਰ ਆਉਣ, ਖ਼ੂਨ ਦਾ ਦੌਰਾ ਠੀਕ ਕਰਨ, ਤੇ ਜਖਮ ਛੇਤੀ ਠੀਕ ਹੋਣ ਦੇ ਨਾਲ ਨਾਲ ਹੋਰ ਬਹੁਤ ਸਾਰੇ ਲਾਭ ਹੁੰਦੇ ਹਨ।

# 8-10 ਘੰਟਿਆਂ ਬਾਅਦ ਬੈੱਡ ਦੇ ਦੁਆਲੇ ,ਤਾਕਤ ਅਨੁਸਾਰ ਤੁਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਨਾਲ ਉਪਰੋਕਤ ਲਾਭ ਤਾਂ ਹੁੰਦੇ ਹੀ ਹਨ, ਨਾਲ ਹੀ ਆਂਦਰਾਂ ਦੀ ਹਿਲਜੁਲ ਕਾਰਣ ਪਾਚਨ ਕਿਰਿਆ ਵੀ ਸ਼ੁਰੂ ਹੁੰਦੀ ਹੈ ਤੇ ਡਰਿਪ ਹਟਾ ਕੇ ਮੂੰਹ ਰਾਹੀਂ ਖਾਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ।


# ਜਖਮ ਤੇ ਪ੍ਰੋਟੋਕਾਲ ਅਨੁਸਾਰ ਪੱਟੀ ਬਦਲੀ ਜਾਂਦੀ ਹੈ ਤੇ , ਇਨਫੈਕਸ਼ਨ, ਖ਼ੂਨ ਦਾ ਰਿਸਾਵ,ਟਾਂਕਿਆ ਦੇ ਹਾਲਾਤ ਦੇਖੇ ਜਾਂਦੇ ਹਨ। 8ਠਵੇਂ ਤੋਂ 10ਵੇਂ ਦਿਨ ਟਾਂਕੇ ਕੱਢੇ ਜਾਂਦੇ ਹਨ ਤੇ ਮਾਂ ਨੂੰ ਬੱਚੇ ਸਮੇਤ ਹੌਸਪੀਟਲ ਤੋਂ ਛੁੱਟੀ ਦੇ ਦਿੱਤੀ ਜਾਂਦੀ ਹੈ।

# ਅਹਿਮ ਗੱਲ ਹੈ , ਕੋਈ ਵਹਿਮ ਨਹੀਂ ਕਰਨਾ ਚਾਹੀਦਾ ,ਸਗੋਂ ਮਾਂ ਨੂੰ ਸਾਦੇ ਤੇ ਹਲਕੇ ਭੋਜਨ ਤੋਂ ਸ਼ੁਰੂ ਕਰਕੇ,ਆਮ, ਘਰ ਵਿੱਚ ਬਣਦਾ ਖਾਣਾ , ਦੁੱਧ, ਦਹੀਂ,ਪਨੀਰ,ਸੋਇਆ ਪਰੋਡਕਟਸ,ਚਨਿਆਂ ਦੀ ਸਬਜ਼ੀ,ਮਟਰ ਦਾਲਾਂ ਤੇ ਤਾਜ਼ੇ ਫਲ ,ਖੁੱਲਾ ਪਾਣੀ ਦੇਣ ਵਿੱਚ ਕੋਈ ਸੰਕੋਚ ਨਹੀਂ ਕਰਨਾ ਚਾਹੀਦਾ।

# ਮਾਂ ਦੀ ਸਰੀਰਕ ਸਫਾਈ ਬਹੁਤ ਜ਼ਰੂਰੀ ਹੈ, ਉਹ ਜਦੋਂ ਠੀਕ ਸਮਝੇ (ਦੂਜੇ ਜਾਂ ਤੀਜੇ ਦਿਨ ) ਨਹਾ ਲੈਣਾ ਚਾਹੀਦਾ ਹੈ। ਟਾਂਕਿਆ ਨੂੰ ਵਾਟਰਪ੍ਰੂਫ਼ ਮੈਟੀਰੀਅਲ ਨਾਲ ਚੰਗੀ ਤਰਾਂ ਢੱਕ ਲੈਣਾ ਚਾਹੀਦਾ ਹੈ। ਹੱਥ ਧੋਣ ਲਈ ਮੰਜੇ ਕੋਲ ਪਾਣੀ ਤੇ ਸਾਬਣ ਦਾ ਪੱਕਾ ਇੰਤਜ਼ਾਮ ਕਰ ਦੇਣਾ ਚਾਹੀਦਾ ਹੈ। ਹਰ ਵਾਰ ਬੱਚੇ ਨੂੰ ਦੁੱਧ ਪਿਲਾਉਣ ਤੋਂ ਪਹਿਲਾਂ ਤੇ ਬਾਅਦ ਵਿੱਚ ਸਾਬਣ ਪਾਣੀ ਨਾਲ ਹੀ ਹੱਥ ਧੋਣੇ ਚਾਹੀਦੇ ਹਨ ਤੇ ਨਾਲ ਹੀ ਪਾਣੀ ਵਿੱਚ ਉਬਲੇ ਤੇ ਠੰਡੇ ਕੀਤੇ ਰੂੰ ਦੇ ਫੰਬੇ ਨਾਲ ਬਰੈੱਸਟ ਸਾਫ ਕਰਨੀ ਚਾਹੀਦੀ ਹੈ। ਸੈਨੇਟਾਈਜਰ ਦੀ ਵਰਤੋਂ ਬਹੁਤ ਘੱਟ ਕਰਨੀ ਚਾਹੀਦੀ ਹੈ। ਮਾਂ ਨੂੰ ਹਰ ਵਾਰ ਯੂਰਿਨ ਤੇ ਸਟੂਲ ਪਾਸ ਕਰਨ ਤੋਂ ਬਾਅਦ ਆਪਣਾ ਪਰਾਈਵੇਟ ਪਾਰਟ ਵੀ ਡਿਟੋਲ ਨਾਲ ਧੋਣਾ ਚਾਹੀਦਾ ਹੈ ਤੇ ਪੈਡ ਬਦਲਣਾ ਜ਼ਰੂਰੀ ਹੈ।

# ਖਾਣੇ ਵਿੱਚ ਫਾਲਤੂ ਘਿਓ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਤੇ ਖਾਸ ਗੱਲ, “ ਆਪ੍ਰੇਸ਼ਨ ਨਾਲ ਕਦੇ ਵੀ ਭਾਰ ਨਹੀਂ ਵਧਦਾ,ਉਸਦਾ ਕਾਰਣ ਅਸੀਂ ਰੁਟੀਨ ਦੇ ਕੰਮ ਤੇ ਕਸਰਤ ਨਹੀਂ ਕਰਦੇ, ਟਾਂਕੇ ਟੁੱਟਣ ਦਾ ਡਰ ਤੇ ਕੰਮਚੋਰੀ ਹੈ। ਸੋ ਸਿਜ਼ੇਰੀਅਨ ਸੈਕਸ਼ਨ ਤੋਂ ਬਾਅਦ ਬੱਚੇ ਨੂੰ ਦੁੱਧ ਪਿਲਾਉਣ ਤੇ ਹੋਰ ਬਹੁਤ ਸਾਰੇ ਕੰਮਾਂ ਵੇਲੇ ਥੋੜੀ ਮੁਸ਼ਕਿਲ ਤਾਂ ਜ਼ਰੂਰ ਆਉਂਦੀ ਹੈ ,ਪਰ ਇਹ ਸਭ ਕੁਝ ਨਾਰਮਲ ਹੈ ਤੇ ਜਿੰਨੀ ਜਲਦੀ ਹੋ ਸਕੇ ਰੁਟੀਨ ਦਾ ਕੰਮ ਤੇ ਐਕਸਰਸਾਈਜ਼ ਸ਼ੁਰੂ ਕਰ ਦੇਣੀ ਚਾਹੀਦੀ ਹੈ।


KWALITY
MINI BAZAAR
Store's Name and address:
1. Kwality Mini Bazaar Papatoetoe
286 Great South Road, Papatoetoe, Auckland -2025
2. Kwality Mini Bazaar Botany
5/2 Bishop Dunn Place, Flat Bush, Auckland - 2013
3. Kwality Mini Bazaar Manurewa
88F Great South Road, Takanini- 2112
4. Kwality Mini Bazaar Papakura
305 Great South Road, Takanini, Auckland - 2112
ਵਧੀਆ ਅਤੇ ਸਾਫ ਸੁਥਰੀ ਗਰੋਸਰੀ ਵਾਸਤੇ ਇੱਕੋ ਇੱਕ ਨਾਂ ਯਾਦ ਰੱਖੋ
KWALITY
MINI BAZAAR
PATOETOE
PAPAKURA
MANUREWA


NSG
NZ SIKH GAMES
30th Nov & 1st Dec
BRUCE PULMAN PARK
90 WALTERS ROAD, TAKANINI, AUCKLAND


First in service
THIRSTY LIQUOR
First in value
Black Bull LIQUOR
NO BULL, JUST THE BEST
Over 200 Liquor Stores Nationwide
Join the fastest gowing liquor franchise in NZ! If you would like to discuss any liquor store business opportunities do not hesitate to contact any one of the team.
Tina 021 854 786
Jack 021 783 488


Travel Point
0800 66 11 88
Specialist for Indian Subcontinent Travel
Competitive Pricing
Trusted Service
Customer Focus
Leisure & Business Travel
Group & Tour Bookings
TICKETING
TOURS
HOLIDAYS
SANDRINGHAM OFFICE
521 Sandringham Road
Sandringham, Auckland, Ph: 09-815 3595
PAPATOETOE OFFICE
14 East Tamaki Road,
Papatoetoe, Auckland, Ph: 09-277 0592
Emergency 24/7: 027 491 8583
www.travelpoint.co.nz

# ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ



ਅਕਸਰ ਪੰਜਾਬੀਆਂ ਦੀ ਇਹ ਖ਼ਾਸੀਅਤ ਰਹੀ ਹੈ ਕਿ ਉਹ ਖੁਲਦਿਲੀ ਨਾਲ ਹਰ ਕੰਮ ਕਰਦੇ ਹਨ ਠੀਕ ਉਸੇ ਤਰ੍ਹਾਂ ਜਿਵੇਂ ਉਹ ਆਪਣੇ ਸਾਰੇ ਦਿਨ ਤਿਉਹਾਰ ਪੂਰੇ ਚਾਅ-ਦੁਲਾਰ ਅਤੇ ਸ਼ਾਨੋ-ਸ਼ੌਕਤ ਨਾਲ ਮਨਾਉਂਦੇ ਰਹੇ ਹਨ। ਦੀਵਾਲੀ ਦੇ ਪਵਿੱਤਰ ਤਿਉਹਾਰ ਦੀ ਗੱਲ ਕਰੀਏ ਤਾਂ ਇਸ ਦੀ ਅੰਮ੍ਰਿਤਸਰ ਦੇ ਇਤਿਹਾਸ ਨਾਲ ਕੁਝ ਵਿਸ਼ੇਸ਼ ਕਿਸਮ ਦੀ ਸਾਂਝੇਦਾਰੀ ਝਲਕਦੀ ਹੈ।

ਸਿੱਖਾਂ ਲਈ ਦੀਵਾਲੀ ਦੀ ਮਹਤੱਤਾ ਸਿੱਖ ਧਰਮ 'ਚ ਵੀ ਦੀਵਾਲੀ ਦੀ ਆਪਣੀ ਮਹਤੱਤਾ ਹੈ, ਇਤਿਹਾਸਕਾਰਾਂ ਦੇ ਅਨੁਸਾਰ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਿੰਘ ਜੀ ਦਾ ਗਵਾਲੀਅਰ ਦੇ ਕਿਲ੍ਹੇ 'ਚ ਕੈਦ ਹੋਣਾ ਮਹਾਨ ਘਟਨਾ ਸੀ।

ਉਸ ਵੇਲੇ ਦਾ ਮੁਗ਼ਲ ਸ਼ਾਸ਼ਕ ਜਹਾਂਗੀਰ ਛੇਵੇਂ ਪਾਤਸ਼ਾਹ ਦੀ ਸ਼ਾਹੀ ਠਾਠ-ਬਾਠ ਅਤੇ ਵੱਧਦੀ ਫ਼ੌਜ ਨੂੰ ਵੇਖਕੇ ਘਬਰਾ ਗਿਆ, ਉਸਨੇ ਗੁਰੂ ਹਰਗੋਬਿੰਦ ਸਿੰਘ ਜੀ ਨੂੰ ਗਵਾਲੀਅਰ ਦੇ ਕਿਲ੍ਹੇ 'ਚ ਨਜ਼ਰਬੰਦ ਕਰ ਦਿੱਤਾ।

ਅੰਮ੍ਰਿਤਸਰ ਦੇ ਸਿੱਖਾਂ ਵੱਲੋਂ ਪਹਿਲੀ ਵਾਰ ਦੀਵਾਲੀ ਛੇਵੀਂ ਪਾਤਸ਼ਾਹੀ ਸਮੇਂ ਪੂਰੇ ਉਤਸ਼ਾਹ ਨਾਲ ਮਨਾਈ ਗਈ ਸੀ। ਇਤਿਹਾਸ ਗਵਾਹ ਹੈ ਕਿ ਜਹਾਂਗੀਰ ਬਾਦਸ਼ਾਹ ਵੱਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲੇ 'ਚੋਂ 1676 ਕੱਤਕ ਵਦੀ 14 ਨੂੰ 52 ਰਾਜਿਆਂ ਸਮੇਤ ਰਿਹਾਅ ਹੋ ਕੇ ਆਏ ਤਾਂ ਹਰੀ ਰਾਮ ਦਰੋਗਾ ਉਨ੍ਹਾਂ ਨੂੰ ਸਤਿਕਾਰ ਸਹਿਤ ਆਪਣੇ ਘਰ ਲੈ ਗਿਆ। ਗੁਰੂ ਮਹਾਰਾਜ ਦੇ ਬੰਧਨ ਮੁਕਤ ਹੋਣ ਦੀ ਖੁਸ਼ੀ ਵਿਚ ਉਸ ਰਾਤ ਹਰੀ ਰਾਮ ਨੇ ਰਾਤ ਨੂੰ ਆਪਣੇ ਘਰ ਦੀਪਮਾਲਾ ਕੀਤੀ ਗਈ ਸੀ ਅਤੇ ਬਾਬਾ ਬੁੱਢਾ ਜੀ ਦੇ ਹੁਕਮਾਂ ਅਨੁਸਾਰ ਉਸ ਦਿਨ ਸ਼ਾਮ ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਪੂਰੇ ਅੰਮ੍ਰਿਤਸਰ ਸ਼ਹਿਰ ਵਿਚ ਦੀਪਮਾਲਾ ਕਰਕੇ ਲੋਕਾਂ ਦੁਆਰਾ ਖੁਸ਼ੀ ਮਨਾਈ ਗਈ ਸੀ। ਇਹ ਦਿਨ ਦੀਵਾਲੀ ਦਾ ਸੀ।

ਦੱਸਿਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਪਹੁੰਚ ਕੇ ਸਰੋਵਰ ਵਿੱਚ ਇਸ਼ਨਾਨ ਕਰਦੇ ਸਨ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੁੰਦੇ ਸਨ। ਇਸ ਦਿਨ ਸ਼ਹਿਰ ਨੂੰ ਦੁਲਹਨ ਵਾਂਗ ਸਜਾਇਆ ਜਾਂਦਾ ਸੀ। ਸੰਗਤਾਂ ਬੜੀ ਭਾਰੀ ਗਿਣਤੀ ਵਿਚ ਦੂਰੋਂ-ਨੇੜਿਓਂ ਆਉਂਦੀਆਂ ਹਨ ਅਤੇ ਉਸ ਦਿਨ ਸਵੇਰੇ ਤੋਂ ਹੀ ਬੁੰਗਿਆਂ ਦੀਆਂ ਛੱਤਾਂ 'ਤੇ ਅਤੇ ਹੋਰ ਉੱਚੇ-ਉੱਚੇ ਮਕਾਨਾਂ 'ਤੇ ਥਾਂ ਮਲ ਕੇ ਬੈਠ ਜਾਂਦੀਆਂ ਹਨ।

ਬ੍ਰਿਟਿਸ਼ ਸਮਰਾਜ ਦੌਰਾਨ ਵੀ ਦੀਵਾਲੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਦੀਵਾਲੀ ਵਾਲੇ ਦਿਨ ਦੀਪਮਾਲਾ ਕੀਤੀ ਜਾਂਦੀ ਅਤੇ ਘੋੜਿਆਂ ਦੀ ਮੰਡੀ ਲੱਗਾਈ ਜਾਂਦੀ ਸੀ ਉਸੇ ਤਰ੍ਹਾਂ ਦੀ ਬ੍ਰਿਟਿਸ਼ ਹਕੂਮਤ ਮੌਕੇ ਵੀ ਇਹ ਸਿਲਸਿਲਾ ਜਾਰੀ ਰਿਹਾ ਹੈ।

ਦੀਵਾਲੀ ਵਾਲੇ ਦਿਨ ਹਰ ਸਾਲ ਸ੍ਰੀ ਦਰਬਾਰ ਸਾਹਿਬ ਨੂੰ ਸਜਾਇਆ ਜਾਂਦਾ ਹੈ ਅਤੇ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ। ਦੀਪਮਾਲਾ ਦੀ ਰੌਸ਼ਨੀ ਅੱਖਾਂ ਧੁੰਦਲਾ ਦਿੰਦੀ ਹੈ। ਇਸ ਨਜ਼ਾਰੇ ਦੀ ਇਕ ਝਲਕ ਵੇਖਣ ਲਈ ਸੰਗਤਾਂ ਦੇਸ਼-ਵਿਦੇਸ਼ ਦੇ ਹਰ ਸ਼ਹਿਰ 'ਚੋਂ ਲੱਖਾਂ ਦੀ ਗਿਣਤੀ 'ਚ ਅੰਮ੍ਰਿਤਸਰ ਪੁੱਜਦੇ ਹਨ ਅਤੇ ਗੁਰੂ ਘਰ 'ਚੋਂ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਇਸ ਲਈ ਤਾਂ ਇਹ ਕਹਾਵਤ ਵੀ ਪ੍ਰਚਲਿਤ ਹੈ **"ਦਾਲ ਰੋਟੀ ਘਰ ਦੀ ਦੀਵਾਲੀ ਅੰਮ੍ਰਿਤਸਰ ਦੀ''**


# CHEAP CLEANING





Cheap Lawn Mowing

Gardening

House Cleaning

For Free quote call

0204915760


## Trump ਨੇ ਚਲਾਇਆ ਕੂੜੇ ਵਾਲਾ ਟਰੱਕ, ਬਾਈਡੇਨ ਦੀ ਟਿੱਪਣੀ ਦਾ ਕਰਾਰਾ ਜਵਾਬ




ਵਾਸ਼ਿੰਗਟਨ - ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਬੁੱਧਵਾਰ ਨੂੰ ਕੂੜੇ ਦਾ ਟਰੱਕ ਚਲਾਉਂਦੇ ਦੇਖਿਆ ਗਿਆ। ਉਹ ਰੈਲੀ ਲਈ ਕੂੜੇ ਦਾ ਟਰੱਕ ਡ੍ਰਾਈਵ ਕਰ ਕੇ ਵਿਸਕਾਨਸਿਨ ਪਹੁੰਚੇ। ਉਸ ਨੇ ਚਮਕਦਾਰ ਕੰਸਟ੍ਰਕਸ਼ਨ ਵਾਲੀ ਜੈਕਟ ਪਾਈ ਹੋਈ ਸੀ ਅਤੇ ਟਰੱਕ 'ਤੇ ਸਵਾਰ ਹੋ ਕੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਉਸਨੇ ਕਿਹਾ, "ਤੁਹਾਨੂੰ ਮੇਰਾ ਕੂੜੇ ਦਾ ਟਰੱਕ ਕਿਹੋ ਜਿਹਾ ਲੱਗਾ? ਇਹ ਟਰੱਕ ਕਮਲਾ ਅਤੇ ਜੋਅ ਬਾਈਡੇਨ ਦੇ ਸਨਮਾਨ ਵਿੱਚ ਹੈ।" ਟਰੰਪ ਨੇ ਅੱਗੇ ਕਿਹਾ, "ਜੋਅ ਬਾਈਡੇਨ ਦਾ ਬਿਆਨ ਅਸਲ ਵਿੱਚ ਅਪਮਾਨਜਨਕ ਹੈ।"

ਡੋਨਾਲਡ ਟਰੰਪ ਦਾ ਇਹ ਕਦਮ ਰਾਸ਼ਟਰਪਤੀ ਜੋਅ ਬਾਈਡੇਨ ਵੱਲੋਂ ਟਰੰਪ ਸਮਰਥਕਾਂ ਨੂੰ 'ਰੱਦੀ' ਕਹਿਣ ਤੋਂ ਬਾਅਦ ਆਇਆ ਹੈ। ਬਾਈਡੇਨ ਨੇ ਇਹ ਟਿੱਪਣੀ ਉਸ ਸਮੇਂ ਕੀਤੀ ਜਦੋਂ ਟਰੰਪ ਸਮਰਥਕ ਕਾਮੇਡੀਅਨ ਟੋਨੀ ਹਿਨਕਲਿਫ ਨੇ ਨਿਊਯਾਰਕ ਦੇ ਮੈਡੀਸਨ ਸਕੁਏਅਰ ਗਾਰਡਨ ਵਿੱਚ ਇੱਕ ਰੈਲੀ ਦੌਰਾਨ ਇੱਕ ਵਿਵਾਦਪੂਰਨ ਬਿਆਨ ਦਿੱਤਾ, ਜਿਸ ਵਿੱਚ ਪੋਰਟੋ ਰੀਕੋ ਨੂੰ 'ਕੂੜੇ ਦਾ ਟਾਪੂ' ਦੱਸਿਆ ਗਿਆ ਸੀ। ਟੋਨੀ ਹਿਨਕਲਿਫ ਦੇ ਇਸ ਅਸ਼ਲੀਲ ਅਤੇ ਨਸਲਵਾਦੀ ਬਿਆਨ ਦੀ ਡੈਮੋਕ੍ਰੇਟਸ ਅਤੇ ਪ੍ਰਮੁੱਖ ਲੈਟਿਨੋ ਭਾਈਚਾਰੇ ਦੁਆਰਾ ਬਹੁਤ ਆਲੋਚਨਾ ਕੀਤੀ ਗਈ ਸੀ। ਪੋਰਟੋ ਰੀਕੋ ਦੇ ਨਿਵਾਸੀ ਇੱਕ ਮਹੱਤਵਪੂਰਨ ਵੋਟਰ ਸਮੂਹ ਹਨ, ਖਾਸ ਕਰਕੇ ਪੈਨਸਿਲਵੇਨੀਆ ਵਰਗੇ ਸਵਿੰਗ ਰਾਜਾਂ ਵਿੱਚ।

ਬਾਈਡੇਨ ਨੇ ਮੰਗਲਵਾਰ ਨੂੰ ਪੋਰਟੋ ਰੀਕਨ ਭਾਈਚਾਰੇ ਨਾਲ ਇਕਮੁੱਠਤਾ ਪ੍ਰਗਟ ਕੀਤੀ ਅਤੇ ਉਨ੍ਹਾਂ ਦੇ ਮਾਣ ਅਤੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਉਸਨੇ ਕਿਹਾ, "ਮੈਂ ਉਸ ਪੋਰਟੋ ਰੀਕਨਾਂ ਨੂੰ ਨਹੀਂ ਜਾਣਦਾ ਜੋ ਮੈਂ ਜਾਣਦਾ ਹਾਂ ... ਜਾਂ ਪੋਰਟੋ ਰੀਕੋ ਜਿੱਥੋਂ ਮੈਂ ਹਾਂ - ਮੇਰੇ ਗ੍ਰਹਿ ਰਾਜ ਡੇਲਾਵੇਅਰ ਵਿੱਚ - ਉਹ ਚੰਗੇ, ਚੰਗੇ ਅਤੇ ਸਤਿਕਾਰਯੋਗ ਲੋਕ ਹਨ।" ਪ੍ਰਧਾਨ ਨੇ ਕਿਹਾ, "ਮੈਂ ਸਿਰਫ ਉਨ੍ਹਾਂ ਦੇ ਸਮਰਥਕਾਂ ਨੂੰ ਉਥੇ ਕੂੜਾ ਖਿਲਾਰਦੇ ਵੇਖਦਾ ਹਾਂ।" ਹਾਲਾਂਕਿ, ਬਾਈਡੇਨ ਇਸ ਟਿੱਪਣੀ ਤੋਂ ਬਾਅਦ ਉਸ ਸਮੇਂ ਘੇਰੇ ਵਿੱਚ ਆ ਗਿਆ ਜਦੋਂ ਅਧਿਕਾਰਤ ਬਿਆਨ ਤੋਂ 'ਰੱਦੀ' ਸ਼ਬਦ ਨੂੰ ਹਟਾ ਦਿੱਤਾ ਗਿਆ। ਸੋਸ਼ਲ ਮੀਡੀਆ 'ਤੇ ਇਸ ਲਈ ਡੈਮੋਕ੍ਰੇਟਸ ਅਤੇ ਬਾਈਡੇਨ ਦੀ ਭਾਰੀ ਆਲੋਚਨਾ ਹੋਈ ਸੀ।

ਇਸ ਸਾਰੀ ਘਟਨਾ ਪਿੱਛੇ ਸਿਆਸੀ ਏਜੰਡਾ ਅਤੇ ਬਿਆਨਬਾਜ਼ੀ ਦੀ ਖੇਡ ਚੱਲ ਰਹੀ ਹੈ। ਟਰੰਪ ਦਾ ਕੂੜੇ ਦੇ ਟਰੱਕ 'ਤੇ ਸਵਾਰ ਹੋਣਾ ਬਾਈਡੇਨ ਦੇ ਬਿਆਨ ਦਾ ਪ੍ਰਤੀਕਾਤਮਕ ਜਵਾਬ ਹੋ ਸਕਦਾ ਹੈ। ਇਹ ਟਰੰਪ ਦੀ ਸ਼ੈਲੀ ਹੈ, ਜਿਸ ਵਿਚ ਉਹ ਆਪਣੇ ਸਮਰਥਕਾਂ ਨੂੰ ਇਕਜੁੱਟ ਕਰਨ ਅਤੇ ਧਿਆਨ ਖਿੱਚਣ ਲਈ ਨਵੀਆਂ ਰਣਨੀਤੀਆਂ ਅਪਨਾਉਂਦੇ ਹਨ। ਟਰੰਪ ਨੂੰ ਹਾਲ ਹੀ 'ਚ ਵੇਟਰ ਦੇ ਰੂਪ 'ਚ ਵੀ ਦੇਖਿਆ ਗਿਆ ਸੀ, ਜਦੋਂ ਉਨ੍ਹਾਂ ਨੂੰ ਇਕ ਬਰਗਰ ਰੈਸਟੋਰੈਂਟ 'ਚ ਬਰਗਰ ਸਰਵ ਕਰਦੇ ਦੇਖਿਆ ਗਿਆ ਸੀ।

# 'ਕਾਂਤਾਰਾ' ਬਣੇ 'ਹਨੂੰਮਾਨ', ਸ਼੍ਰੀ ਰਾਮ ਨੂੰ ਹੱਥ 'ਚ ਫੜੇ ਨਵੇਂ ਅਵਤਾਰ 'ਚ ਨਜ਼ਰ ਆਏ ਰਿਸ਼ਭ ਸ਼ੈਟੀ

ਮੁੰਬਈ - ਪ੍ਰਸ਼ਾਂਤ ਵਰਮਾ ਦੀ ਬਹੁਤ ਉਡੀਕੀ ਜਾ ਰਹੀ ਸੀਕਵਲ 'ਜੈ ਹਨੂੰਮਾਨ' ਦਾ ਹਾਲ ਹੀ 'ਚ ਐਲਾਨ ਕੀਤਾ ਗਿਆ ਸੀ, ਜਿਸ ਤੋਂ ਬਾਅਦ ਇਸ ਫਿਲਮ ਦੀ ਚਰਚਾ ਹੋ ਰਹੀ ਹੈ। ਫਿਲਮ 'ਹਨੂੰਮਾਨ' ਦੀ ਜ਼ਬਰਦਸਤ ਸਫਲਤਾ ਨੇ ਅਗਲੇ ਹਿੱਸੇ ਨੂੰ ਹੋਰ ਵੀ ਖਾਸ ਬਣਾ ਦਿੱਤਾ ਹੈ। ਪਹਿਲੇ ਭਾਗ ਦੀ ਬਾਕਸ ਆਫਿਸ ਸਫਲਤਾ ਨੇ ਮੇਕਰਸ ਨੂੰ ਨਵੀਂ ਉਮੀਦ ਦਿੱਤੀ ਹੈ। ਇਸ ਫਿਲਮ ਨੇ ਦਰਸ਼ਕਾਂ ਦਾ ਦਿਲ ਜਿੱਤ ਲਿਆ ਸੀ ਅਤੇ ਹੁਣ ਇਸ ਦਾ ਸੀਕਵਲ ਲੋਕਾਂ ਦਾ ਦਿਲ ਜਿੱਤਣ ਦੀ ਤਿਆਰੀ ਕਰ ਰਿਹਾ ਹੈ। ਅਜਿਹੇ 'ਚ ਹੁਣ ਸਾਰਿਆਂ ਦੀਆਂ ਨਜ਼ਰਾਂ 'ਜੈ ਹਨੂੰਮਾਨ' 'ਤੇ ਟਿਕੀਆਂ ਹੋਈਆਂ ਹਨ। 'ਜੈ ਹਨੂੰਮਾਨ' ਪਰਦੇ 'ਤੇ ਸਭ ਤੋਂ ਪਵਿੱਤਰ ਅਤੇ ਮਸ਼ਹੂਰ ਮਿਥਿਹਾਸਕ ਸੁਪਰਹੀਰੋ ਨੂੰ ਜੀਵਨ ਵਿੱਚ ਲਿਆਉਣ ਦਾ ਵਾਅਦਾ ਕਰਦਾ ਹੈ। ਇਸ ਫਿਲਮ ਦਾ ਫਰਸਟ ਲੁੱਕ ਵੀ ਸਾਹਮਣੇ ਆਇਆ ਹੈ, ਜਿਸ 'ਚ ਰਿਸ਼ਭ ਸ਼ੈੱਟੀ ਦੀ ਝਲਕ ਦੇਖਣ ਨੂੰ ਮਿਲ ਸਕਦੀ ਹੈ। 'ਕਾਂਤਾਰਾ' ਸਟਾਰ ਭਗਵਾਨ ਹਨੂੰਮਾਨ ਦੇ ਕਿਰਦਾਰ 'ਚ ਨਜ਼ਰ ਆ ਰਹੇ ਹਨ। ਉਨ੍ਹਾਂ ਦੇ ਹੱਥ ਵਿੱਚ ਭਗਵਾਨ ਰਾਮ ਦੀ ਮੂਰਤੀ ਨਜ਼ਰ ਆ ਰਹੀ ਹੈ।

ਦੀਵਾਲੀ ਤੋਂ ਠੀਕ ਇਕ ਦਿਨ ਪਹਿਲਾਂ 'ਜੈ ਹਨੂੰਮਾਨ' ਦਾ ਪਹਿਲਾ ਲੁੱਕ ਸਾਹਮਣੇ ਆਇਆ ਹੈ, ਜਿਸ 'ਚ ਰਿਸ਼ਭ ਸ਼ੈੱਟੀ ਭਗਵਾਨ ਹਨੂੰਮਾਨ ਦੇ ਰੂਪ 'ਚ ਭਗਵੇਂ ਕੱਪੜਿਆਂ 'ਚ ਨਜ਼ਰ ਆ ਰਹੇ ਹਨ। ਉਹ ਕਿਸੇ ਮਹਿਲ ਵਿੱਚ ਭਗਵਾਨ ਰਾਮ ਦੀ ਮੂਰਤੀ ਨੂੰ ਜੱਫੀ ਪਾ ਰਹੇ ਹਨ। ਨਿਰਮਾਤਾਵਾਂ ਨੇ ਇਸ ਰੋਮਾਂਚਕ ਪਹਿਲੀ ਝਲਕ ਨੂੰ ਸੋਸ਼ਲ ਮੀਡੀਆ 'ਤੇ ਵਿਸ਼ੇਸ਼ ਕੈਪਸ਼ਨ ਦੇ ਨਾਲ ਸਾਂਝਾ ਕੀਤਾ ਹੈ, 'ਵਚਨਪਾਲਨਮ ਧਰਮਸਜ ਮੂਲਮ।

ਤ੍ਰੇਤਾਯੁਗ ਦਾ ਇੱਕ ਵਰਤ, ਜੋ ਨਿਸ਼ਚਿਤ ਰੂਪ ਵਿੱਚ ਕਲਿਯੁਗ ਵਿੱਚ ਪੂਰਾ ਹੋਵੇਗਾ। ਰਾਸ਼ਟਰੀ ਪੁਰਸਕਾਰ ਜੇਤੂ ਅਭਿਨੇਤਾ ਰਿਸ਼ਭ ਸ਼ੈਟੀ ਅਤੇ ਸਨਸਨੀਖੇਜ਼ ਨਿਰਦੇਸ਼ਕ ਪ੍ਰਸ਼ਾਂਤ ਵਰਮਾ ਵਫ਼ਾਦਾਰੀ, ਹਿੰਮਤ ਅਤੇ ਸ਼ਰਧਾ ਦਾ ਇੱਕ ਮਹਾਂਕਾਵਿ ਪੇਸ਼ ਕਰਦੇ ਹਨ।

ਇਹ ਪਹਿਲੀ ਦਿੱਖ ਪੋਸਟਰ ਇੱਕ ਨਵੇਂ ਭਾਰਤੀ ਸੁਪਰਹੀਰੋ ਸਿਨੇਮੈਟਿਕ




ਬ੍ਰਹਿਮੰਡ ਦੀ ਸ਼ੁਰੂਆਤ ਦਾ ਸੰਕੇਤ ਦਿੰਦਾ ਹੈ। ਇਹ ਵਿਸ਼ਵ ਦਾ ਸਭ ਤੋਂ ਵੱਡਾ ਸੁਪਰਹੀਰੋ ਬ੍ਰਹਿਮੰਡ ਬਣਨ ਦਾ ਵਾਅਦਾ ਕਰਦਾ ਹੈ, ਜੋ ਭਾਰਤੀ ਮਿਥਿਹਾਸਕ ਕਹਾਣੀਆਂ ਨਾਲ ਜੁੜਿਆ ਹੋਇਆ ਹੈ। ਨਵੀਨ ਯੇਰਨੇਨੀ ਅਤੇ ਵਾਈ. ਰਵੀ ਸ਼ੰਕਰ ਦੁਆਰਾ ਨਿਰਮਿਤ ਫਿਲਮ 'ਜੈ ਹਨੂੰਮਾਨ' ਵਿੱਚ ਉੱਚ ਗੁਣਵੱਤਾ ਅਤੇ ਸ਼ਾਨਦਾਰ ਤਕਨੀਕੀ ਮਿਆਰੀ ਪ੍ਰਦਰਸ਼ਨ ਦੇਖਣ ਨੂੰ ਮਿਲਣ ਵਾਲਾ ਹੈ। ਫਿਲਮ 'ਚ ਰਿਸ਼ਭ ਸ਼ੈੱਟੀ ਪਹਿਲੀ ਵਾਰ ਨਵੇਂ ਕਿਰਦਾਰ 'ਚ ਨਜ਼ਰ ਆਉਣਗੇ।

# ਦਿਲਜੀਤ ਤੇ ਕਰਨ ਔਜਲਾ ਦੇ ਗੀਤ 'ਤੇ ਨੱਚੇ 'ਗੋਰੇ', ਸਟੇਜ 'ਤੇ ਪਾਇਆ ਭੜਥੂ





ਜਲੰਧਰ : ਗਲੋਬਲ ਸਟਾਰ ਦਿਲਜੀਤ ਦੋਸਾਂਝ ਅਤੇ ਕਰਨ ਔਜਲਾ ਇਸ ਸਮੇਂ ਆਪਣੀ ਸਫ਼ਲਤਾ ਦੀ ਉੱਚਾਈ ਦਾ ਆਨੰਦ ਮਾਣ ਰਹੇ ਹਨ, ਜਿੱਥੇ ਇੱਕ ਪਾਸੇ ਇਸ ਸਾਲ ਕਰਨ ਔਜਲਾ ਨੇ ਆਪਣੇ ਗੀਤਾਂ ਨਾਲ ਪਾਲੀਵੁੱਡ ਤੋਂ ਇਲਾਵਾ ਬਾਲੀਵੁੱਡ ਨੂੰ ਨੱਚਾਇਆ, ਉੱਥੇ ਹੀ ਦੂਜੇ ਪਾਸੇ ਇਸ ਸਾਲ ਦਿਲਜੀਤ ਆਪਣੇ ਵਿਦੇਸ਼ੀ ਅਤੇ ਭਾਰਤੀ ਸ਼ੋਅਜ਼ ਕਰਕੇ ਪੂਰੀ ਦੁਨੀਆਂ 'ਚ ਛਾਇਆ ਹੋਇਆ ਹੈ। ਹੁਣ ਸ਼ੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸ 'ਚ ਕੁਝ ਵਿਦੇਸ਼ੀ ਡਾਂਸਰ ਪੰਜਾਬੀ ਗੀਤਾਂ 'ਤੇ ਨੱਚਦੇ ਨਜ਼ਰ ਆ ਰਹੇ ਹਨ।

ਦਰਅਸਲ, ਇਹ 'ਗੋਰੇ' ਦੱਖਣੀ ਕੋਰੀਆ ਦਾ ਇੱਕ ਡਾਂਸ ਬੈਂਡ ਹੈ, ਜਿਸ ਦਾ ਨਾਂ 'ਠਯ ਹੈ। ਇਸ 'ਚ 9 ਮੈਂਬਰ ਹਨ, ਜੋ ਕਿ ਵਿਕਟਰ ਕੰਪਨੀ ਦੁਆਰਾ ਬਣਾਇਆ ਗਿਆ ਹੈ। ਹਾਲ ਹੀ 'ਚ ਇਹ ਬੈਂਡ 'ਰੰਗ ਦੇ ਕੋਰੀਆ' ਪ੍ਰੋਗਰਾਮ 'ਚ ਪਹੁੰਚਿਆ ਸੀ। ਇਸ ਦੌਰਾਨ ਇਸ ਬੈਂਡ ਨੇ ਕਰਨ ਔਜਲਾ ਦੇ ਸੁਪਰਹਿੱਟ ਫ਼ਿਲਮ 'ਤੌਬਾ-ਤੌਬਾ' ਅਤੇ ਦਿਲਜੀਤ ਨੇ ਹਿੱਟ ਗੀਤ 'ਕਿੰਨੀ ਕਿੰਨੀ' 'ਤੇ ਸ਼ਾਨਦਾਰ ਡਾਂਸ ਕੀਤਾ। ਜਿਸ ਤਰ੍ਹਾਂ ਇਹ ਬੈਂਡ ਡਾਂਸ ਕਰ ਰਿਹਾ ਸੀ, ਦੇਖ ਕੇ ਕੋਈ ਵੀ ਕਹਿ ਨਹੀਂ ਸਕਦਾ ਕਿ ਇੰਨ੍ਹਾਂ ਨੂੰ ਪੰਜਾਬੀ ਨਾ ਆਉਂਦੀ ਹੋਵੇ। ਇਹ ਵੀਡੀਓ ਹਰ ਕਿਸੇ ਨੂੰ ਹੈਰਾਨ ਕਰ ਰਹੀ ਹੈ ਅਤੇ ਲੋਕ ਇਸ ਵੀਡੀਓ 'ਤੇ ਅੱਗ ਅਤੇ ਲਾਲ ਦਿਲ ਦਾ ਇਮੋਜੀ ਸਾਂਝਾ ਕਰ ਰਹੇ ਹਨ।

ਕਰਨ ਔਜਲਾ ਅਤੇ ਦਿਲਜੀਤ ਬਾਰੇ ਗੱਲ ਕਰੀਏ ਤਾਂ ਹਾਲ ਹੀ 'ਚ ਔਜਲਾ ਦਾ ਨਵਾਂ ਗੀਤ 'ਸਿਫ਼ਰ ਸਫ਼ਰ' ਰਿਲੀਜ਼ ਹੋਇਆ ਹੈ, ਜੋ ਕਿ ਦਰਸ਼ਕਾਂ ਨੂੰ ਕਾਫੀ ਪਸੰਦ ਆ ਰਿਹਾ ਹੈ।ਇਸ ਤੋਂ ਇਲਾਵਾ ਗਾਇਕ ਇਸ ਸਮੇਂ ਆਪਣੇ ਵਿਦੇਸ਼ੀ ਸ਼ੋਅਜ਼ 'ਚ ਰੁੱਝਿਆ ਹੋਇਆ ਹੈ। ਦੂਜੇ ਪਾਸੇ ਜੇਕਰ ਦਿਲਜੀਤ ਦੀ ਗੱਲ ਕਰੀਏ ਤਾਂ ਦੋਸਾਂਝਾਵਾਲਾ ਇਸ ਸਮੇਂ ਆਪਣੇ 'ਦਿਲ-ਲੂਮਿਨਾਟੀ' ਇੰਡੀਆ ਟੂਰ ਨੂੰ ਲੈ ਕੇ ਲਗਾਤਾਰ ਚਰਚਾ ਬਟੋਰ ਰਹੇ ਹਨ। ਹਾਲ ਹੀ 'ਚ ਗਾਇਕ ਦਾ ਦੋ ਦਿਨ ਦਿੱਲੀ ਵਿਖੇ ਸ਼ੋਅ ਸੀ, ਜਿਸ ਨੇ ਕਾਫੀ ਤਰ੍ਹਾਂ ਦੇ ਰਿਕਾਰਡ ਤੋੜ ਹਨ।

# ਦੀਵਾਲੀ ਮੌਕੇ ਸਲਮਾਨ ਖ਼ਾਨ ਨੇ ਕੀਤਾ ਵੱਡਾ ਐਲਾਨ



ਮੁੰਬਈ (ਬਿਊਰੋ) - ਸਲਮਾਨ ਖ਼ਾਨ ਦੇ ਫੈਨਜ਼ ਲਈ ਵੱਡੀ ਖੁਸ਼ਖਬਰੀ ਹੈ, ਜਿੱਥੇ ਕਿ ਸਲਮਾਨ ਅਤੇ ਸ਼ਾਹਰੁਖ ਖ਼ਾਨ ਦੀ ਸੁਪਰਹਿੱਟ ਫ਼ਿਲਮ 'ਕਰਨ ਅਰਜੁਨ' 30 ਸਾਲ ਬਾਅਦ ਸਿਨੇਮਾਘਰਾਂ 'ਚ ਮੁੜ ਰਿਲੀਜ਼ ਹੋਣ ਲਈ ਤਿਆਰ ਹੈ। ਸਲਮਾਨ ਨੇ ਫ਼ਿਲਮ ਦੇ ਟੀਜ਼ਰ ਨਾਲ ਸੋਸ਼ਲ ਮੀਡੀਆ 'ਤੇ ਇਕ ਪੋਸਟ ਸ਼ੇਅਰ ਕਰਦੇ ਹੋਏ ਕਿਹਾ ਕਿ 'ਕਰਨ ਅਰਜੁਨ' ਅਗਲੇ ਮਹੀਨੇ ਸਿਨੇਮਾਘਰਾਂ 'ਚ ਦੁਬਾਰਾ ਰਿਲੀਜ਼ ਹੋਣ ਜਾ ਰਹੀ ਹੈ।

ਅਭਿਨੇਤਾ ਸਲਮਾਨ ਖ਼ਾਨ ਆਪਣੀ ਪੋਸਟ 'ਚ ਲਿਖਦੇ ਹਨ, ''ਰਾਖੀ ਜੀ ਨੇ ਠੀਕ ਕਿਹਾ ਸੀ ਕਿ ਮੇਰੇ ਕਰਨ ਅਰਜੁਨ ਫ਼ਿਲਮ 'ਚ ਆਉਣਗੇ। ਇਹ ਫ਼ਿਲਮ 22 ਨਵੰਬਰ ਨੂੰ ਦੁਨੀਆ ਭਰ ਦੇ ਸਿਨੇਮਾਘਰਾਂ 'ਚ ਮੁੜ ਰਿਲੀਜ਼ ਹੋਣ ਲਈ ਤਿਆਰ ਹੈ।'' ਪ੍ਰਸ਼ੰਸਕਾਂ ਨੇ ਅਭਿਨੇਤਾ ਦੀ ਇਸ ਪੋਸਟ 'ਤੇ ਕੁਮੈਂਟ ਕਰਕੇ ਖੁਸ਼ੀ ਜਤਾਈ ਹੈ।

### ਰਿਤਿਕ ਰੋਸ਼ਨ ਨੇ ਜਤਾਈ ਖੁਸ਼ੀ

ਰਿਤਿਕ ਰੋਸ਼ਨ ਨੇ ਵੀ ਫਿਲਮਾਂ ਦੇ ਮੁੜ ਰਿਲੀਜ਼ ਹੋਣ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਰਿਤਿਕ ਰੋਸ਼ਨ ਨੇ ਪਿਤਾ ਰਾਕੇਸ਼ ਰੋਸ਼ਨ ਨਾਲ ਫ਼ਿਲਮ 'ਕਰਨ ਅਰਜੁਨ' 'ਚ ਕੰਮ ਕੀਤਾ ਸੀ। ਉਹ ਨਿਰਦੇਸ਼ਨ 'ਚ ਆਪਣੇ ਪਿਤਾ ਦੀ ਸਹਾਇਤਾ ਕਰ ਰਿਹਾ ਸੀ। ਅਦਾਕਾਰ ਨੇ ਆਪਣੀ ਪੋਸਟ 'ਚ ਲਿਖਿਆ, ''ਕਰਨ ਅਰਜੁਨ ਦੀ ਰਿਲੀਜ਼ਿੰਗ ਤੋਂ ਪਹਿਲਾਂ ਸਿਨੇਮਾ ਕਾਫੀ ਵੱਖਰਾ ਸੀ। ਕਰਨ ਅਰਜੁਨ ਫਿਰ ਤੋਂ ਸਿਨੇਮਾਘਰਾਂ 'ਚ ਦਸਤਕ ਦੇਣ ਲਈ ਤਿਆਰ ਹਨ। ਸਿਨੇਮਾਘਰਾਂ 'ਚ ਇਸ ਸਿਨੇਮਾ ਅਨੁਭਵ ਨੂੰ ਮੁੜ ਸੁਰਜੀਤ ਕਰੋ।''

ਦੱਸ ਦਈਏ ਕਿ 'ਕਰਨ ਅਰਜੁਨ' ਪੁਨਰ ਜਨਮ ਬਾਰੇ ਇੱਕ ਕਲਟ ਕਲਾਸਿਕ ਫ਼ਿਲਮ ਹੈ। ਫ਼ਿਲਮ ਦੋ ਭਰਾਵਾਂ ਕਰਨ (ਸਲਮਾਨ) ਅਤੇ ਅਰਜੁਨ (ਸ਼ਾਹਰੁਖ) ਦੇ ਆਲੇ-ਦੁਆਲੇ ਘੁੰਮਦੀ ਹੈ, ਜੋ ਠਾਕੁਰ ਸੰਗਰਾਮ ਸਿੰਘ ਨਾਲ ਲੜਾਈ ਦੌਰਾਨ ਮਾਰੇ ਜਾਂਦੇ ਹਨ, ਜਦੋਂ ਉਹ ਆਪਣੀ ਮਾਂ (ਰਾਖੀ) ਦੀ ਰੱਖਿਆ ਕਰ ਰਹੇ ਸਨ।

ਉਨ੍ਹਾਂ ਦੀ ਮੌਤ ਤੋਂ ਬਾਅਦ ਮਾਂ ਨੂੰ ਭਰੋਸਾ ਸੀ ਕਿ ਉਸ ਦੇ ਕਾਰਨ ਅਰਜੁਨ ਵਾਪਸ ਆਉਣਗੇ ਅਤੇ ਬਦਲਾ ਲੈਣਗੇ। ਫ਼ਿਲਮ 'ਚ ਉਹ ਮੁੜ ਜਨਮ ਲੈਂਦੇ ਹਨ ਅਤੇ ਉਹ ਆਪਣੇ ਪਿੰਡ ਵੱਲ ਜਾ ਰਿਹਾ ਹੈ, ਜਿੱਥੇ ਉਸ ਦੀ ਮਾਂ ਉਨ੍ਹਾਂ ਦੀ ਵਾਪਸੀ ਦਾ ਇੰਤਜ਼ਾਰ ਕਰ ਰਹੀ ਹੈ। ਫ਼ਿਲਮ 'ਚ ਕਾਜੋਲ ਅਤੇ ਮਮਤਾ ਕੁਲਕਰਨੀ ਵੀ ਸਨ।

# ਫੇਸ ਸਕੱਰਬ (face scrub)



1. ਚਿਪਚਿਪੀ (Oily) ਚਮੜੀ ਦੇ ਲਈ

* ਬ੍ਰਾਨ ਸਕੱਰਬ : ਦੋ ਛੋਟੇ ਚਮਚੇ ਬ੍ਰਾਨ (Bran) ਭਾਵ ਆਟੇ ਦਾ ਬੂਰਾ-ਸੂੜਾ, ਇਕ ਚੌਥਾਈ ਛੋਟਾ ਚਮਚਾ ਸੁੱਕਿਆ ਖਮੀਰ, ਇਕ ਛੋਟਾ ਚਮਚਾ ਨਿੰਬੂ ਦਾ ਰਸ ਪਾਣੀ ਵਿਚ ਮਿਲਾਕੇ ਪੇਸਟ ਬਣਾ ਲਵੋ ਅਤੇ ਚਿਹਰੇ ਤੇ ਲਾ ਕੇ ਮਾਲਸ਼ ਕਰੋ। ਖਾਸ ਤੌਰ ਤੇ ਨੱਕ ਅਤੇ ਠੋਡੀ ਤੇ। ਦੋ ਮਿੰਟ ਬਾਦ ਕੋਸੇ ਪਾਣੀ ਨਾਲ ਧੋ ਲਵੋ।

* ਰਾਈਸ (Rice) ਸਕੱਰਬ : ਅੱਧਾ ਕੱਪ ਚੌਲਾਂ ਦੇ ਆਟੇ ਵਿਚ ਅੱਧਾ ਕੱਪ ਪੱਕਿਆ ਹੋਇਆ ਪਪੀਤਾ ਮੈਸ਼ ਕਰਕੇ ਪਾਵੋ। ਇਸ ਵਿਚ ਅੱਧੇ ਨਿੰਬੂ ਦਾ ਰਸ ਮਿਲਾਕੇ ਪੇਸਟ ਬਣਾਵੋ ਅਤੇ ਚਿਹਰੇ ਤੇ ਮਲਕੇ ਮਾਲਸ਼ ਕਰੋ। ਸੁੱਕ ਜਾਣ ਤੇ ਰਗੜਕੇ ਉਤਾਰ ਦੇਵੋ।

* ਹਰੀ ਮੂੰਗ ਦਾਲ ਸਕੱਰਬ : ਅੱਧਾ ਕੱਪ ਪੀਸੀ ਹੋਈ ਹਰੀ ਮੂੰਗੀ ਦੀ ਦਾਲ ਵਿਚ ਇਕ ਵੱਡਾ ਚਮਚਾ ਦਹੀਂ ਪਾਵੋ। ਥੋੜ੍ਹਾ ਪਾਣੀ ਮਿਲਾਕੇ ਪੇਸਟ ਤਿਆਰ ਕਰੋ ਅਤੇ ਚਿਹਰੇ ਤੇ ਲਾਵੋ। ਸੁੱਕਣ ਤੇ ਮਲਕੇ ਲਾਹ ਦੇਵੋ। ਬਾਦ ਵਿਚ ਚਿਹਰੇ ਨੂੰ ਠੰਢੇ ਪਾਣੀ ਨਾਲ ਧੋ ਲਵੋ।

2. ਰੁੱਖੀ (Dry) ਚਮੜੀ ਦੇ ਲਈ

* ਚੋਕਰ ਸਕੱਰਬ : ਇਕ ਛੋਟਾ ਚਮਚਾ ਜੈਤੂਨ ਦੇ ਤੇਲ ਵਿਚ ਇਕ ਛੋਟਾ ਚਮਚਾ ਚੋਕਰ (ਬੂਰਾ ਸੂੜਾ) ਮਿਲਾਕੇ ਚਿਹਰੇ ਤੇ ਸਕਰੱਬ ਕਰਨ ਲਈ ਇਸਤੇਮਾਲ ਕਰੋ।

3. ਨਾਰਮਲ ਚਮੜੀ ਦੇ ਲਈ

* ਬਾਰਲੀ (Barley) ਸਕੱਰਬ : ਇਕ-ਇਕ ਛੋਟਾ ਚਮਚਾ ਪੀਸੇ ਹੋਏ ਜੌਂ ਅਤੇ ਦੁੱਧ ਵਿਚ ਦੋ ਛੋਟੇ ਚਮਚੇ ਨਿੰਬੂ ਦਾ ਰਸ ਮਿਲਾਕੇ ਪੇਸਟ ਤਿਆਰ ਕਰੋ ਅਤੇ ਚਿਹਰੇ ਤੇ ਲਾ ਲਵੋ। ਸੁੱਕ ਜਾਣ ਤੇ ਮਲਕੇ ਲਾਹ ਦੇਵੋ। ਕੋਸੇ ਪਾਣੀ ਨਾਲ ਚਿਹਰਾ ਧੋ ਲਵੋ।

* ਖਸਖਸ ਸਕੱਰਬ : ਇਕ ਛੋਟਾ ਚਮਚਾ ਸ਼ਹਿਦ, ਅੱਧਾ-ਅੱਧਾ ਚਮਚਾ ਚੰਦਨ ਪੀਸਿਆ ਹੋਇਆ ਅਤੇ ਪੀਸੀ ਹੋਈ ਖਸਖਸ ਨੂੰ ਮਿਲਾਕੇ ਇਹ ਪੇਸਟ ਚਿਹਰੇ ਤੇ ਲਾਵੋ। ਇਸਨੂੰ ਚਿਹਰੇ ਤੇ ਲਾ ਕੇ ਰਗੜੋ। ਇਸ ਨਾਲ ਮੁਰਦਾ ਚਮੜੀ ਨਿੱਕਲ ਜਾਵੇਗੀ ਅਤੇ ਚਮੜੀ ਤੇ ਨਿਖਾਰ ਆ ਜਾਵੇਗਾ।

4. ਮਿਸ਼ਰਤ ਚਮੜੀ ਦੇ ਲਈ

* ਚਿਰੌਂਜੀ ਸਕੱਰਬ : ਇਕ ਛੋਟਾ ਚਮਚਾ ਪੀਸੀ ਹੋਈ ਚਿਰੌਂਜੀ ਵਿਚ ਇਕ ਛੋਟਾ ਚਮਚਾ ਗੁਲਾਬ ਦੀਆਂ ਪੰਖੜੀਆਂ ਦਾ ਪੇਸਟ ਅਤੇ ਦੁੱਧ ਮਿਲਾਵੋ। ਚੰਗੀ ਤਰ੍ਹਾਂ ਮਿਲਾਕੇ ਚਿਹਰੇ ਤੇ ਲਾਵੋ। ਹੱਥਾਂ ਨਾਲ ਧੀਰੇ-ਧੀਰੇ ਪੋਲਾ ਜਿਹਾ ਸਕੱਰਬ ਕਰੋ। ਠੰਢੇ ਪਾਣੀ ਨਾਲ ਧੋ ਕੇ ਵੇਖੋ ਨਿਖਰੀ ਹੋਈ ਬੇਦਾਗ ਚਮੜੀ। ਚਿਰੌਂਜੀ ਦੀ ਥਾਂ ਤੇ ਕਾਜੂ ਜਾਂ ਬਾਦਾਮ ਪੀਸੇ ਹੋਏ ਵੀ ਵਰਤੇ ਜਾ ਸਕਦੇ ਹਨ।

* ਦਹੀਂ-ਅਖਰੋਟ ਦਾ ਸਕੱਰਬ : ਇਕ ਚੌਥਾਈ ਕੱਪ ਸਾਦੇ ਦਹੀਂ ਵਿਚ ਬਰਾਬਰ ਮਾਤਰਾ ਵਿਚ ਬਾਰੀਕ ਪੀਸੇ ਹੋਏ ਅਖਰੋਟ ਮਿਲਾਵੋ। ਚਿਹਰਾ ਪਾਣੀ ਨਾਲ ਧੋ ਦੇ ਬਾਦ ਹੌਲ਼ੀ-ਹੌਲ਼ੀ ਇਸ ਮਿਸ਼ਰਣ ਨਾਲ ਸਕੱਰਬ ਕਰੋ। ਕੋਸੇ ਜਿਹੇ ਪਾਣੀ ਨਾਲ ਧੋ ਦੇਵੋ। ਹਫ਼ਤੇ ਵਿਚ ਇਕ ਵਾਰੀ ਇਹ ਸਕੱਰਬ ਲਾਵੋ ਅਤੇ ਖੂਬਸੂਰਤ ਚਮਕੀਲੀ ਚਮੜੀ ਦੇ ਦਰਸ਼ਨ ਕਰੋ।

* ਸਿੰਪਲ (Simple) ਸ਼ੂਗਰ ਸਕੱਰਬ : ਅੱਧਾ ਕੱਪ ਚੀਨੀ ਵਿਚ ਲੋੜ ਅਨੁਸਾਰ ਜੈਤੂਨ ਦਾ ਤੇਲ, ਮੂੰਗਫਲੀ, ਮੱਕੀ, ਕਣਕ ਜਾਂ ਸੂਰਜਮੁਖੀ ਦਾ ਤੇਲ ਮਿਲਾਵੋ। ਇਹ ਮਿਸ਼ਰਣ ਨੂੰ ਚਿਹਰੇ ਅਤੇ ਬੌਡੀ (Body) ਤੇ ਲਾ ਕੇ ਪੋਲੀ-ਪੋਲੀ ਮਾਲਸ਼ ਕਰੋ।

ਫੇਰ ਕਿਸੇ ਹਲਕੇ ਜਿਹੇ (Mild) ਸਾਬਣ ਨਾਲ ਨਹਾ ਲਵੋ। ਇਸ ਸਕੱਰਬ ਨਾਲ ਚਮੜੀ ਦੀਆਂ ਮੁਰਦਾ ਕੋਸ਼ਿਕਾਵਾਂ ਝੜ ਜਾਂਦੀਆਂ ਹਨ ਅਤੇ ਤੁਹਾਡੀ ਚਮੜੀ ਮੁਲਾਇਮ ਅਤੇ ਕੋਮਲ (smooth) ਬਣ ਜਾਂਦੀ ਹੈ।

* ਵਿੰਟਰ (Winter) ਸਪੈਸ਼ਲ ਸਕੱਰਬ : ਇਕ ਕੱਪ ਸੁੱਕੀ ਪੀਸੀ ਹੋਈ ਮੱਕੀ, ਇਕ ਚੌਥਾਈ ਕੱਪ ਬੌਡੀ ਲੋਸ਼ਨ, ਪੰਜ ਵਿਟਾਮਨ ਕੈਪਸੂਲ (ਕਿਸੇ ਪਿਨ ਨਾਲ ਛੇਦ ਕਰਕੇ ਕੈਪਸੂਲਾਂ ਵਿਚੋਂ ਤਰਲ ਕੱਢ ਲਵੋ), ਇਕ ਅੰਡਾ ਚੰਗੀ ਤਰ੍ਹਾਂ ਮਿਲਾਵੋ। ਨਹਾਉਂਦੇ ਸਮੇਂ ਸ਼ਾਵਰ (Shower) ਜੈਲ ਜਾਂ ਬੌਡੀ ਵਾਸ਼ ਲਾਉਣ ਦੇ ਬਾਦ, ਇਸ ਮਿਸ਼ਰਣ ਨੂੰ ਪੂਰੇ ਸਰੀਰ ਤੇ ਰਗੜਕੇ ਲਾਵੋ। ਪੰਜ ਮਿੰਟਾਂ ਬਾਦ ਧੋ ਦੇਵੋ।

* ਸੰਤਰਾ (Orange) ਸਕੱਰਬ : ਇਕ ਸੌ ਪੱਚੀ ਗ੍ਰਾਮ (ਅੱਧਾ ਕੱਪ) ਖਸਖਸ ਵਿਚ ਇਕ ਸੌ ਪੱਚੀ ਮਿਲੀਗ੍ਰਾਮ ਬਾਦਾਮ ਤੇਲ ਅਤੇ ਪੰਜ ਬੂੰਦਾਂ ਔਰੇਂਜ ਇਸੈਂਸੀਅਲ ਆਇਲ ਮਿਲਾਕੇ ਚਿਹਰੇ ਤੇ ਲਾਵੋ। ਚਿਹਰਾ ਦਗਣ ਲੱਗ ਜਾਵੇਗਾ।

* ਵਾਲਨੱਟ (Wall nut) ਸਕੱਰਬ : ਤਿੰਨ ਵੱਡੇ ਚਮਚੇ ਬਾਰੀਕ ਪੀਸੇ ਹੋਏ ਅਖਰੋਟ ਵਿਚ ਪੰਝਤਰ ਮਿਲੀ ਲੀਟਰ ਬਾਦਾਮਾਂ ਦਾ ਤੇਲ ਅਤੇ ਪੰਜ ਬੂੰਦਾਂ ਸਿਨਾਮਨ ਇਸੈਂਸੀਅਲ ਆਇਲ (ਦਾਲਚੀਨੀ ਦਾ ਤੇਲ) ਮਿਲਾਕੇ ਚਿਹਰੇ ਤੇ ਲਾਵੋ। ਇਹ ਚਮੜੀ ਨੂੰ ਪਾਲਿਸ਼ ਕਰਕੇ ਸਾਫ਼ ਤੇ ਸੁੰਦਰ ਬਣਾਉਂਦਾ ਹੈ।

# ਬੌਡੀ ਸਕੱਰਬ (Body Secrub)




ਚਿਹਰੇ ਦੇ ਨਾਲ ਬਦਨ ਤੇ ਵੀ ਨਿਖਾਰ ਲਿਆਉਣ ਦੇ ਲਈ ਹੇਠ ਦਰਜ ਬੌਡੀ ਸਕੱਰਬ ਅਜਮਾ ਸਕਦੇ ਹੋ।

* ਔਰੇਂਜ ਅਤੇ ਲੈਮਨ ਸਕੱਰਬ : ਸੰਤਰੇ ਅਤੇ ਨਿੰਬੂ ਦੇ ਛਿਲਕਿਆਂ ਨੂੰ ਸੁਕਾਕੇ ਬਾਰੀਕ ਪੀਸ ਲਵੋ। ਫੇਰ ਦੋ ਵੱਡੇ ਚਮਚੇ ਪਾਊਡਰ, ਦੋ ਵੱਡੇ ਚਮਚੇ ਆਟੇ ਦੇ ਬੂਰੇ-ਸੂੜੇ ਜਾਂ ਦਲੀਆ ਦੇ ਆਟੇ ਵਿਚ ਅੱਧਾ ਛੋਟਾ ਚਮਚਾ ਸ਼ਹਿਦ ਅਤੇ ਥੋੜ੍ਹਾ ਜਿਹਾ ਦੁੱਧ ਮਿਲਾਕੇ ਪੇਸਟ ਬਣਾ ਲਵੋ। ਇਸ ਨਾਲ ਮੁਰਦਾ ਚਮੜੀ ਤੋਂ ਛੁਟਕਾਰਾ ਮਿਲ ਜਾਵੇਗਾ।

* ਕਾਬਲੀ ਛੋਲਿਆਂ ਦਾ ਸਕੱਰਬ : ਜੇਕਰ ਤੁਹਾਡੀ ਚਮੜੀ ਚਿਪਚਿਪੀ ਹੈ ਤਾਂ ਤੁਹਾਡੇ ਲਈ ਇਹ ਸਕੱਰਬ ਕਾਫੀ ਲਾਭਦਾਇਕ ਹੈ। ਇਸਦੇ ਚਾਰ ਵੱਡੇ ਚਮਚੇ ਪੀਸੇ ਹੋਏ ਕਾਬਲੀ ਛੋਲੇ, ਅੱਧਾ ਵੱਡਾ ਚਮਚਾ ਪੀਸੀ ਹੋਈ ਹਲਦੀ, ਕੁੱਝ ਬੂੰਦਾਂ ਗੁਲਾਬ ਜਲ ਅਤੇ ਦੁੱਧ ਮਿਲਾਕੇ ਗਾੜ੍ਹਾ ਪੇਸਟ ਬਣਾ ਲਵੋ। ਇਸਨੂੰ ਪੂਰੇ ਸਰੀਰ ਤੇ ਲਾਕੇ ਰਗੜੋ, ਜਦੋਂ ਸੁੱਕਣ ਲੱਗੇ ਤਾਂ ਹੱਥਾਂ ਨਾਲ ਗੋਲਾਈ ਵਿਚ ਰਗੜਦੇ ਹੋਏ ਪੇਸਟ ਨੂੰ ਲਾਹ ਦੇਵੋ। ਰੁੱਖੀ ਚਮੜੀ ਵਾਲੇ ਵੀ ਇਸ ਪੇਸਟ ਵਿਚ ਮਲਾਈ ਮਿਲਾਕੇ ਇਸਤੇਮਾਲ ਕਰ ਸਕਦੇ ਹਨ।

* ਜਵੀਂ (Oats meal) ਦੇ ਆਟੇ ਦਾ ਸਕੱਰਬ : ਜਵੀਂ ਦਾ ਆਟਾ, ਦਹੀਂ ਅਤੇ ਲੱਸੀ- ਇਹਨਾਂ ਸਭ ਨੂੰ ਚੰਗੀ ਤਰ੍ਹਾਂ ਮਿਲਾ ਲਵੋ। ਫਰਿੱਜ਼ ਵਿਚ ਦੋ ਘੰਟੇ ਲਈ ਰੱਖ ਦੇਵੋ। ਇਸ ਪੇਸਟ ਨੂੰ ਗਲੇ ਤੋਂ ਹੇਠਾਂ ਵੱਲ ਨੂੰ ਹੱਥਾਂ-ਪੈਰਾਂ ਅਤੇ ਪੂਰੇ ਸਰੀਰ ਤੇ ਲਾਵੋ।

ਵੀਹ ਮਿੰਟ ਲੱਗਿਆ ਰਹਿਣ ਦੇਵੋ। ਫਿਰ ਨਿੰਬੂ ਦਾ ਰਸ ਮਿਲੇ ਕੋਸੇ ਜਿਹੇ ਪਾਣੀ ਨਾਲ ਧੋ ਲਵੋ। ਇਹ ਸਕੱਰਬ ਚਮੜੀ ਨੂੰ ਸਾਫ਼ ਕਰਨ ਦੇ ਨਾਲ ਨਾਲ ਬੰਦ ਛੇਦਾਂ ਨੂੰ ਵੀ ਖੋਹਲ ਦਿੰਦਾ ਹੈ।

* ਟੋਮੈਟੋ ਸਕੱਰਬ : ਚਾਰ ਟਮਾਟਰ ਕੱਟਕੇ ਪਿਊਰੀ ਬਣਾ ਲਵੋ। ਥੋੜ੍ਹੇ ਜਿਹੇ ਚੌਲਾਂ ਨੂੰ ਪਾਣੀ ਵਿਚ ਭਿਉਂਕੇ ਪੀਸ ਲਵੋ। ਪਿਊਰੀ ਵਿਚ ਪਾ ਕੇ ਚੰਗੀ ਤਰ੍ਹਾਂ ਮਿਲਾ ਲਵੋ। ਇਸਨੂੰ ਪੂਰੇ ਸਰੀਰ ਤੇ ਲਾ ਕੇ ਵੀਹ ਮਿੰਟ ਵੈਸੇ ਹੀ ਰੱਖੀ ਰੱਖੋ। ਫੇਰ ਕੋਸੇ ਜਿਹੇ ਪਾਣੀ ਨਾਲ ਇਸ਼ਨਾਨ ਕਰ ਲਵੋ। ਇਹ ਚਿਪਚਿਪੀ ਚਮੜੀ ਦੇ ਲਈ ਵਧੀਆ ਸਕੱਰਬ ਹੈ।

* ਔਟਮੀਲ ਪੇਸਟ : ਦੋ ਵੱਡੇ ਚਮਚੇ ਔਟਮੀਲ (ਜਵੀਂ ਦਾ ਆਟਾ), ਚਾਰ ਵੱਡੇ ਚਮਚੇ ਦਹੀਂ, ਇਕ ਵੱਡਾ ਚਮਚਾ ਨਿੰਬੂ ਦਾ ਰਸ, ਇਕ ਵੱਡਾ ਚਮਚ ਜੈਤੂਨ ਦਾ ਤੇਲ ਚੰਗੀ ਤਰ੍ਹਾਂ ਮਿਲਾ ਲਵੋ ਅਤੇ ਪੂਰੀ ਬੌਡੀ ਤੇ ਲਾ ਲਵੋ। ਚਾਰ-ਪੰਜ ਮਿੰਟਾਂ ਬਾਦ ਧੋ ਦੇਵੋ। ਇਹ ਚਿਪਚਿਪੀ ਅਤੇ ਸੰਵੇਦਨਸ਼ੀਲ ਚਮੜੀ ਦੇ ਲਈ ਗੁਣਕਾਰੀ ਸਕੱਰਬ ਹੈ।

* ਬੇਸਣ ਸਕੱਰਬ : ਇਕ ਵੱਡਾ ਚਮਚਾ ਬੇਸਣ ਅਤੇ ਇਕ ਵੱਡਾ ਚਮਚਾ ਮੱਕੀ ਦਾ ਆਟਾ ਮਿਲਾਵੋ। ਇਸ ਮਿਸ਼ਰਣ ਵਿਚ ਗਲਸਰੀਨ ਜਾਂ ਤੇਲ ਮਿਲਾਵੋ ਅਤੇ ਸਕੱਰਬ ਦੀ ਤਰ੍ਹਾਂ ਇਸਤੇਮਾਲ ਕਰੋ। ਇਹ ਸਕੱਰਬ ਚਮੜੀ ਦੇ ਮਰੇ ਹੋਏ ਸੈਲਾਂ ਨੂੰ ਸਾਫ਼ ਕਰ ਦਿੰਦਾ ਹੈ।

* ਔਟ-ਸੂਰਜਮੁਖੀ ਸਕੱਰਬ : ਮਿਕਸੀ ਵਿਚ ਜਵੀਂ (Oat) ਅਤੇ ਸੂਰਜਮੁਖੀ ਦੇ ਬੀਜ ਪੀਸ ਲਵੋ। ਇਸ ਵਿਚ ਲੋੜ ਅਨੁਸਾਰ ਕਰੀਮ ਮਿਲਾਕੇ ਪੇਸਟ ਤਿਆਰ ਕਰੋ। ਨਹਾਉਣ ਵਕਤ ਇਸ ਪੇਸਟ ਨੂੰ ਪੂਰੇ ਸਰੀਰ ਅਤੇ ਚਿਹਰੇ ਤੇ ਗੋਲਾਈ ਵਿਚ ਮਾਲਸ਼ ਕਰਦੇ ਹੋਏ ਲਾਵੋ। ਪੰਜ ਮਿੰਟ ਬਾਦ ਧੋ ਲਵੋ। ਇਸਦੇ ਬਾਦ ਬੌਡੀ ਲੋਸ਼ਨ (Body Lotion) ਲਾ ਲਵੋ।

* ਤੇਲ (ਆਇਲ) ਰਾਹੀਂ ਪੋਸ਼ਣ : ਇਕ ਕੱਪ ਚੀਨੀ ਵਿਚ ਤਿੰਨ ਵਿਟਾਮਿਨ ਈ ਕੈਪਸੂਲਾਂ ਵਿਚੋਂ ਕੱਢਿਆ ਹੋਇਆ ਤਰਲ, ਅੱਧਾ ਕੱਪ ਬੇਬੀ ਜਾਂ ਮਿਨਰਲ ਆਇਲ, ਪੰਜ-ਦਸ ਬੂੰਦਾਂ ਬਾਦਾਮਾਂ ਦਾ ਤੇਲ ਅਤੇ ਪੰਜ ਦਸ ਬੂੰਦਾਂ ਨਾਰੀਅਲ ਦਾ ਤੇਲ ਮਿਲਾਵੋ। ਇਸਨੂੰ ਬੋਤਲ ਵਿਚ ਬੰਦ ਕਰਕੇ ਰੱਖੋ। ਚਮੜੀ ਤੇ ਲਾਉਂਦੇ ਰਹੋ ਅਤੇ ਮੁਲਾਇਮ ਤੇ ਕੋਮਲ ਬੇਬੀ ਸਕਿੰਨ ਦਾ ਆਨੰਦ ਮਾਣੋ।

ਤੀਹ ਸਾਲਾਂ ਦੀ ਉਮਰ ਦੇ ਬਾਦ ਹੌਲ਼ੀ-ਹੌਲ਼ੀ ਚਮੜੀ ਦਾ ਲਚਕੀਲਾਪਣ ਅਤੇ ਕੋਮਲਤਾ ਖਤਮ ਹੋਣ ਲੱਗ ਜਾਂਦੀ ਹੈ। ਇਸ ਅਵਸਥਾ ਵਿਚ ਤੇਲ ਚਮੜੀ ਨੂੰ ਵਾਧੂ ਪੋਸ਼ਣ ਦੇਣ ਦਾ ਕੰਮ ਕਰਦੇ ਹਨ। ਉਮਰ ਵੱਡੀ ਹੋਣ ਤੇ ਨਾਲ ਇਹ ਚਮੜੀ ਦੀ ਕੋਮਲਤਾ ਅਤੇ ਲਚਕ ਨੂੰ ਬਰਕਰਾਰ ਰੱਖਣ ਦੇ ਲਈ ਜ਼ਰੂਰੀ ਵੀ ਹੁੰਦੇ ਹਨ।

# ਪੀਸੀਬੀ ਵਲੋਂ ਗੈਰੀ ਕਰਸਟਨ ਨੂੰ ਮੁੱਖ ਕੋਚ ਦੇ ਅਹੁਦੇ ਤੋਂ ਹਟਾਉਣ ਦੀ ਕੇਵਿਨ ਪੀਟਰਸਨ ਨੇ ਕੀਤੀ ਆਲੋਚਨਾ

ਲੰਡਨ— ਇੰਗਲੈਂਡ ਦੇ ਸਾਬਕਾ ਕ੍ਰਿਕਟਰ ਕੇਵਿਨ ਪੀਟਰਸਨ ਨੇ ਵਾਈਟ-ਬਾਲ ਫਾਰਮੈਟ ‘ਚ ਗੈਰੀ ਕਰਸਟਨ ਨੂੰ ਰਾਸ਼ਟਰੀ ਟੀਮ ਦੇ ਮੁੱਖ ਕੋਚ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਪਾਕਿਸਤਾਨ ਕ੍ਰਿਕਟ ਟੀਮ ‘ਤੇ ਹਮਲਾ ਬੋਲਿਆ ਹੈ। ਪਾਕਿਸਤਾਨ ਪੁਰਸ਼ ਵਨਡੇ ਅਤੇ ਟੀ-20ਆਈ ਦੇ ਮੁੱਖ ਕੋਚ ਦੇ ਤੌਰ ‘ਤੇ ਆਪਣੇ ਕਾਰਜਕਾਲ ਦੇ ਸਿਰਫ ਛੇ ਮਹੀਨੇ ਬਾਅਦ, ਦੱਖਣੀ ਅਫਰੀਕਾ ਦੇ ਸਾਬਕਾ ਬੱਲੇਬਾਜ਼ ਗੈਰੀ ਕਰਸਟਨ ਨੇ ਸੋਮਵਾਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

ਪੀਟਰਸਨ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲ ‘ਤੇ 56 ਸਾਲਾ ਗੈਰੀ ਕਰਸਟਨ ਨੂੰ ਹਟਾਏ ਜਾਣ ‘ਤੇ ਨਿਰਾਸ਼ਾ ਜ਼ਾਹਰ ਕੀਤੀ ਹੈ। ਸਾਬਕਾ ਸੱਜੇ ਹੱਥ ਦੇ ਬੱਲੇਬਾਜ਼ ਨੇ ਐਕਸ ‘ਤੇ ਲਿਖਿਆ, ‘ਪਾਕਿਸਤਾਨ ਗੈਰੀ ਕਰਸਟਨ ਨੂੰ ਕ੍ਰਿਕਟ ਕੋਚਿੰਗ ਵਿਚ ਆਪਣੇ ਰੈਜ਼ਿਊਮੇ ਨਾਲ ਕਿਵੇਂ ਗੁਆ ਸਕਦਾ ਹੈ? ਪਿਛਲੇ ਕੁਝ ਹਫ਼ਤਿਆਂ ਵਿੱਚ ਇੱਕ ਕਦਮ ਅੱਗੇ ਅਤੇ ਅੱਜ ਦੋ ਕਦਮ ਪਿੱਛੇ! ਆਪਣੇ ਨਾਲ ਅਜਿਹਾ ਕਰਨਾ ਬੰਦ ਕਰੋ। ਇਸ ਤਰ੍ਹਾਂ ਦਾ ਕੰਮ ਕਰਨ ਲਈ ਬਹੁਤ ਪ੍ਰਤਿਭਾ ਦੀ ਲੋੜ ਹੁੰਦੀ ਹੈ!’

ਕਰਸਟਨ ਦੇ ਅਸਤੀਫ਼ੇ ਦੀ ਖ਼ਬਰ ਪਾਕਿਸਤਾਨ ਦੇ ਆਸਟ੍ਰੇਲੀਆ ਦੌਰੇ ਦੇ ਸ਼ੁਰੂ ਹੋਣ ਤੋਂ ਸਿਰਫ਼ ਇੱਕ ਹਫ਼ਤਾ ਪਹਿਲਾਂ ਆਈ ਹੈ। ਆਈਸੀਸੀ ਦੇ ਅਨੁਸਾਰ, ਦੱਖਣੀ ਅਫਰੀਕਾ ਨੂੰ ਪਾਕਿਸਤਾਨ ਕ੍ਰਿਕਟ ਬੋਰਡ (ਪੀਸੀਬੀ) ਨੇ ਅਪ੍ਰੈਲ 2024 ਵਿੱਚ ਦੋ ਸਾਲ ਦੇ ਇਕਰਾਰਨਾਮੇ ‘ਤੇ ਇਸ ਭੂਮਿਕਾ ਲਈ ਨਿਯੁਕਤ ਕੀਤਾ ਸੀ। ਪੀਸੀਬੀ ਨੇ ਆਪਣੇ ਸੋਸ਼ਲ ਮੀਡੀਆ ਚੈਨਲਾਂ ‘ਤੇ ਘੋਸ਼ਣਾ ਕੀਤੀ ਕਿ ਟੈਸਟ ਕੋਚ ਜੇਸਨ ਗਿਲੇਸਪੀ 4 ਨਵੰਬਰ ਤੋਂ ਸ਼ੁਰੂ ਹੋਣ ਵਾਲੇ ਆਸਟਰੇਲੀਆ ਦੌਰੇ ਲਈ ਕਰਸਟਨ ਦੀ ਭੂਮਿਕਾ ਸੰਭਾਲਣਗੇ ਅਤੇ ਇਸ ਵਿੱਚ ਤਿੰਨ ਵਨਡੇ ਅਤੇ ਤਿੰਨ ਟੀ-20 ਮੈਚ ਸ਼ਾਮਲ ਹਨ।

ਗਿਲੇਸਪੀ ਨੇ ਹਾਲ ਹੀ ‘ਚ ਟੀਮ ਦੀ ਅਗਵਾਈ ਇੰਗਲੈਂਡ ‘ਤੇ ਇਤਿਹਾਸਕ ਟੈਸਟ ਸੀਰੀਜ਼ ਜਿੱਤੀ, ਜੋ ਕਿ 2021 ਤੋਂ ਬਾਅਦ ਪਾਕਿਸਤਾਨ ਦੀ ਪਹਿਲੀ ਘਰੇਲੂ ਜਿੱਤ ਸੀ। ਮੁੱਖ ਕੋਚ ਦੀ ਭੂਮਿਕਾ ਸੰਭਾਲਣ ਤੋਂ ਬਾਅਦ ਕਰਸਟਨ ਦੀ ਮੁੱਖ ਜ਼ਿੰਮੇਵਾਰੀ ਵੈਸਟਇੰਡੀਜ਼ ਅਤੇ ਯੂਐਸਏ ਵਿੱਚ ਆਈਸੀਸੀ ਪੁਰਸ਼ T20 ਵਿਸ਼ਵ ਕੱਪ 2024 ਸੀ, ਜਿੱਥੇ ਪਾਕਿਸਤਾਨ ਨੂੰ ਭਾਰਤ ਅਤੇ ਅਮਰੀਕਾ ਦੇ ਖਿਲਾਫ ਹਾਰਾਂ ਦੇ ਨਾਲ ਗਰੁੱਪ ਪੜਾਅ ਵਿੱਚ ਛੇਤੀ ਬਾਹਰ ਹੋਣਾ ਪਿਆ। ਟੀਮ ਆਗਾਮੀ ਆਈਸੀਸੀ ਚੈਂਪੀਅਨਜ਼ ਟਰਾਫੀ 2025 ਦੀ ਤਿਆਰੀ ਕਰ ਰਹੀ ਸੀ। ਪਾਕਿਸਤਾਨ ਲਗਭਗ ਤਿੰਨ ਦਹਾਕਿਆਂ ਵਿੱਚ ਪਹਿਲੀ



ਆਈਸੀਸੀ ਈਵੈਂਟ ਦੀ ਮੇਜ਼ਬਾਨੀ ਕਰੇਗਾ। ਖਿਡਾਰੀਆਂ ਦਾ ਪਹਿਲਾ ਜੱਥਾ 28 ਅਕਤੂਬਰ ਨੂੰ ਮੈਲਬੋਰਨ ਲਈ ਰਵਾਨਾ ਹੋਵੇਗਾ ਜਦਕਿ ਬਾਕੀ ਟੀਮ 29 ਅਕਤੂਬਰ ਨੂੰ ਰਵਾਨਾ ਹੋਵੇਗੀ। ਆਸਟ੍ਰੇਲੀਆ ਦੌਰੇ ਤੋਂ ਬਾਅਦ ਪਾਕਿਸਤਾਨ ਸਫੈਦ ਗੇਂਦ ਦੀ ਲੜੀ ਲਈ ਜ਼ਿੰਬਾਬਵੇ ਜਾਵੇਗਾ।

# ਭਾਰਤ ਨੇ ਨਿਊਜ਼ੀਲੈਂਡ ਨੂੰ 6 ਵਿਕਟਾਂ ਨਾਲ ਹਰਾਇਆ



ਭਾਰਤੀ ਪੁਰਸ਼ ਟੀਮ ਭਾਵੇਂ ਹੀ ਨਿਊਜ਼ੀਲੈਂਡ ਤੋਂ ਟੈਸਟ ਸੀਰੀਜ਼ ਹਾਰ ਗਈ ਹੋਵੇ ਪਰ ਭਾਰਤੀ ਮਹਿਲਾ ਟੀਮ ਨੇ ਅਜਿਹਾ ਨਹੀਂ ਹੋਣ ਦਿੱਤਾ। ਨਿਊਜ਼ੀਲੈਂਡ ਖਿਲਾਫ ਵਨਡੇ ਸੀਰੀਜ਼ ਦੇ ਤੀਜੇ ਅਤੇ ਫੈਸਲਾਕੁੰਨ ਮੈਚ ‘ਚ ਟੀਮ ਇੰਡੀਆ ਨੇ ਨਿਊਜ਼ੀਲੈਂਡ ਨੂੰ 6 ਵਿਕਟਾਂ ਨਾਲ ਹਰਾਇਆ ਹੈ। ਇਸ ਨਾਲ ਭਾਰਤੀ ਟੀਮ ਨੇ 3 ਮੈਚਾਂ ਦੀ ਸੀਰੀਜ਼ ‘ਚ 2-1 ਨਾਲ ਜਿੱਤ ਦਰਜ ਕੀਤੀ ਹੈ। ਇਸ ਮੈਚ ਦੀ ਸਟਾਰ ਟੀਮ ਦੀ ਉਪ ਕਪਤਾਨ ਅਤੇ ਅਨੁਭਵੀ ਸਲਾਮੀ ਬੱਲੇਬਾਜ਼ ਸਮ੍ਰਿਤੀ ਮੰਧਾਨਾ (100) ਸਾਬਿਤ ਹੋਈ, ਜਿਸ ਨੇ ਦੌੜਾਂ ਦਾ ਸੋਕਾ ਖ਼ਤਮ ਕੀਤਾ ਅਤੇ ਆਪਣੇ ਵਨਡੇ ਕਰੀਅਰ ਦਾ ਰਿਕਾਰਡ 8ਵਾਂ ਸੈਂਕੜਾ ਲਗਾਇਆ।

ਕਪਤਾਨ ਹਰਮਨਪ੍ਰੀਤ ਕੌਰ (ਅਜੇਤੂ 59) ਨੇ ਵੀ ਸ਼ਾਨਦਾਰ ਅਰਧ ਸੈਂਕੜਾ ਜੜ ਕੇ ਟੀਮ ਨੂੰ ਜਿੱਤ ਵੱਲ ਤੋਰਿਆ।

# ਆਈਐੱਮਐੱਲ ਮੁਲਤਵੀ, ਅਗਲੇ ਸਾਲ ਦੀ ਪਹਿਲੀ ਤਿਮਾਹੀ ‘ਚ ਹੋਵੇਗਾ



ਨਵੀਂ ਦਿੱਲੀ, (ਭਾਸ਼ਾ) ਇੰਟਰਨੈਸ਼ਨਲ ਮਾਸਟਰਜ਼ ਲੀਗ (ਆਈ.ਐੱਮ.ਐੱਲ.) ਦੇ ਪਹਿਲੇ ਸੀਜ਼ਨ ਦੇ ਪ੍ਰੋਗਰਾਮ ‘ਚ ਬਦਲਾਅ ਕੀਤਾ ਗਿਆ ਹੈ ਅਤੇ ਹੁਣ ਇਹ ਕ੍ਰਿਕਟ ਟੂਰਨਾਮੈਂਟ ਅਗਲੇ ਸਾਲ ਦੀ ਪਹਿਲੀ ਤਿਮਾਹੀ ‘ਚ ਹੋਵੇਗਾ। ਪਹਿਲਾਂ ਤੋਂ ਤੈਅ ਪ੍ਰੋਗਰਾਮ ਅਨੁਸਾਰ ਆਈਐਮਐਲ ਦਾ ਪਹਿਲਾ ਸੈਸ਼ਨ 17 ਨਵੰਬਰ ਤੋਂ ਹੋਣਾ ਸੀ। ਆਈਐਮਐਲ ਇੱਕ ਸਾਲਾਨਾ ਟੀ-20 ਕ੍ਰਿਕਟ ਟੂਰਨਾਮੈਂਟ ਹੋਵੇਗਾ ਜਿਸ ਵਿੱਚ ਸ਼ੁਰੂਆਤ ਵਿੱਚ ਛੇ ਦੇਸ਼ਾਂ ਭਾਰਤ, ਆਸਟਰੇਲੀਆ, ਦੱਖਣੀ ਅਫਰੀਕਾ, ਵੈਸਟਇੰਡੀਜ਼, ਇੰਗਲੈਂਡ ਅਤੇ ਸ਼੍ਰੀਲੰਕਾ ਦੇ ਖਿਡਾਰੀ ਹਿੱਸਾ ਲੈਣਗੇ। ਆਈਐਮਐਲ ਨੇ ਜਾਰੀ ਬਿਆਨ ਵਿੱਚ ਕਿਹਾ, “ਹਾਲੀਆ ਘੋਸ਼ਣਾਵਾਂ ਦੁਆਰਾ ਇਹ ਫੈਸਲਾ ਜ਼ਰੂਰੀ ਕੀਤਾ ਗਿਆ ਹੈ ਅਤੇ ਸਰਕਾਰੀ ਦਿਸ਼ਾ-ਨਿਰਦੇਸ਼ਾਂ ਅਤੇ ਕਾਨੂੰਨੀ ਜ਼ਰੂਰਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਸਥਾਨਕ ਅਧਿਕਾਰੀਆਂ ਨਾਲ ਧਿਆਨ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਲਿਆ ਗਿਆ ਹੈ,” ਸਾਡੇ ਭਾਈਵਾਲਾਂ, ਪ੍ਰਸਾਰਕਾਂ ਅਤੇ ਖਿਡਾਰੀਆਂ ਦੇ ਸਹਿਯੋਗ ਨਾਲ, ਇਿ ਦਾ ਸੋਧਿਆ ਸਮਾਂ ਜਲਦੀ ਹੀ ਜਾਰੀ ਕੀਤਾ ਜਾਵੇਗਾ।“

# ਅਰਸ਼ਦੀਪ ਸਿੰਘ ਪੰਜਾਬ ਕਿੰਗਜ਼ ‘ਚੋਂ ਬਾਹਰ! ਨਿਲਾਮੀ ‘ਚ ਜਾਣ ਦੀ ਤਿਆਰੀ



ਆਈ.ਪੀ.ਐੱਲ. 2025 ਰਿਟੈਂਸ਼ਨ ਦੀ ਸਮਾਂ ਮਿਆਦ ਖਤਮ ਹੋਣ ਵਾਲੀ ਹੈ। ਅਜਿਹੇ ‘ਚ ਪੰਜਾਬ ਕਿੰਗਜ਼ ਨਾਲ ਜੁੜੀ ਮਹੱਤਵਪੂਰਨ ਖਬਰ ਸਾਹਮਣੇ ਆ ਰਹੀ ਹੈ। ਫਿਲਹਾਲ ਅਫਵਾਹਾਂ ਦਾ ਬਜ਼ਾਰ ਗਰਮ ਹੈ ਕਿ ਪੰਜਾਬ ਕਿੰਗਜ਼ ਆਉਣ ਵਾਲੇ ਸੀਜ਼ਨ ਲਈ ਪ੍ਰਮੁੱਖ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੂੰ ਬਰਕਰਾਰ ਨਹੀਂ ਰੱਖਣ ਜਾ ਰਹੀ ਹੈ। ਅਰਸ਼ਦੀਪ, ਜੋ 2019 ਵਿੱਚ ਆਪਣੇ ਡੈਬਿਊ ਤੋਂ ਬਾਅਦ ਪੰਜਾਬ ਕਿੰਗਜ਼ ਦਾ ਕੋਰ ਮੈਂਬਰ ਰਿਹਾ ਹੈ, ਨੂੰ ਪਿਛਲੇ ਪੰਜ ਸੀਜ਼ਨਾਂ ਵਿੱਚ ਆਈ.ਪੀ.ਐੱਲ. ਵਿੱਚ ਸਭ ਤੋਂ ਵਧੀਆ ਭਾਰਤੀ ਗੇਂਦਬਾਜ਼ਾਂ ਵਿੱਚੋਂ ਇੱਕ ਵਜੋਂ ਜਾਣਿਆ ਜਾਂਦਾ ਹੈ। ਪੰਜਾਬ ਕਿੰਗਜ਼ ਦੇ ਨਾਲ 25 ਸਾਲ ਦੇ ਇਸ ਗੇਂਦਬਾਜ਼ ਦਾ ਪ੍ਰਦਰਸ਼ਨ ਉਸ ਨੂੰ ਟੀਮ ਇੰਡੀਆ ‘ਚ ਲੈ ਗਿਆ। ਉਹ ਭਾਰਤ ਦੀ ਰਾਸ਼ਟਰੀ ਟੀਮ ਲਈ ਖੇਡਦਾ ਹੈ ਅਤੇ ਇੱਕ ਪ੍ਰਭਾਵਸ਼ਾਲੀ ਠ20 ਮਾਹਿਰ ਵਜੋਂ ਉਭਰਿਆ ਹੈ।

ਪੰਜਾਬ ਕਿੰਗਜ਼ ਨਾਲ ਆਪਣੇ ਮਜ਼ਬੂਤ ਸਬੰਧਾਂ ਦੇ ਬਾਵਜੂਦ, ਹਾਲ ਹੀ ਦੀਆਂ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਅਰਸ਼ਦੀਪ ਟੀਮ ਨਾਲ ਆਪਣੇ ਭਵਿੱਖ ਬਾਰੇ ਅਜੇ ਵੀ ਅਨਿਸ਼ਚਿਤ ਹੈ। ਨਜ਼ਦੀਕੀ ਸੂਤਰਾਂ ਦਾ ਕਹਿਣਾ ਹੈ ਕਿ ਅਰਸ਼ਦੀਪ ਸਿੰਘ ਪੰਜਾਬ ਕਿੰਗਜ਼ ਦੇ ਨਾਲ ਬਣੇ ਰਹਿਣ ਜਾਂ ਨਿਲਾਮੀ ਪੂਲ ਵਿੱਚ ਸ਼ਾਮਲ ਹੋਣ ਦੇ ਆਪਣੇ ਫੈਸਲੇ ‘ਤੇ “50/50” ਹੈ। ਭਾਵੇਂ ਉਨ੍ਹਾਂ ਨੂੰ 18 ਕਰੋੜ ਰੁਪਏ ਦੀ ਰਕਮ ਮਿਲ ਜਾਵੇ ਪਰ ਉਹ ਵੱਡੇ ਠੇਕੇ ਦੀ ਭਾਲ ਵਿਚ ਨਿਲਾਮੀ ਵਿਚ ਜਾ ਸਕਦੇ ਹਨ। ਇਹ ਖੱਬੇ ਹੱਥ ਦਾ ਤੇਜ਼ ਗੇਂਦਬਾਜ਼ ਆਪਣੀ ਮੈਚ ਜਿੱਤਣ ਦੀ ਕਾਬਲੀਅਤ ਨਾਲ ਆਸਾਨੀ ਨਾਲ ਕਈ ਟੀਮਾਂ ਦਾ ਧਿਆਨ ਆਪਣੇ ਵੱਲ ਖਿੱਚ ਸਕਦਾ ਹੈ।

ਹਾਲ ਹੀ ਦੇ ਸਾਲਾਂ ਵਿੱਚ ਆਈ.ਪੀ.ਐੱਲ. ਵਿੱਚ ਤੇਜ਼ ਗੇਂਦਬਾਜ਼ਾਂ ਨੂੰ ਵੀ ਬਹੁਤ ਮਹੱਤਵ ਦਿੱਤਾ ਜਾ ਰਿਹਾ ਹੈ। ਇਹ ਆਈ.ਪੀ.ਐੱਲ. 2024 ਨਿਲਾਮੀ ਦੌਰਾਨ ਦੇਖਿਆ ਗਿਆ ਜਦੋਂ ਆਸਟਰੇਲੀਆਈ ਖੱਬੇ ਹੱਥ ਦੇ ਤੇਜ਼ ਗੇਂਦਬਾਜ਼ ਮਿਸ਼ੇਲ ਸਟਾਰਕ ਨੂੰ ਕੋਲਕਾਤਾ ਨਾਈਟ ਰਾਈਡਰਜ਼ ਨੇ 24.25 ਕਰੋੜ ਰੁਪਏ ਦੀ ਵੱਡੀ ਰਕਮ ਦਿੱਤੀ ਸੀ। ਜੇਕਰ ਅਰਸ਼ਦੀਪ ਸਿੰਘ ਨਿਲਾਮੀ ਵਿੱਚ ਸ਼ਾਮਲ ਹੋਣ ਦੀ ਚੋਣ ਕਰਦਾ ਹੈ, ਤਾਂ ਉਹ ਸੰਭਾਵਤ ਤੌਰ ‘ਤੇ ਸਭ ਤੋਂ ਵੱਧ ਮੰਗੇ ਜਾਣ ਵਾਲੇ ਖਿਡਾਰੀਆਂ ਵਿੱਚੋਂ ਇੱਕ ਹੋਵੇਗਾ। ਆਈ.ਪੀ.ਐੱਲ. 2025 ਦੀ ਨਿਲਾਮੀ ਸਾਊਦੀ ਅਰਬ ਵਿੱਚ ਹੋਣ ਦੇ ਨਾਲ, ਅਰਸ਼ਦੀਪ ‘ਤੇ ਹੋਰ ਵੀ ਬੋਲੀ ਲੱਗ ਸਕਦੀ ਹੈ ਕਿਉਂਕਿ ਟੀਮਾਂ ਇੱਕ ਚੋਟੀ ਦੇ ਖੱਬੇ ਹੱਥ ਦੇ ਤੇਜ਼ ਗੇਂਦਬਾਜ਼ ਨੂੰ ਸੁਰੱਖਿਅਤ ਕਰਨ ਦੀ ਕੋਸ਼ਿਸ਼ ਕਰਨਗੀਆਂ।

ਅਰਸ਼ਦੀਪ ਨੇ ਆਪਣੇ IPL ਕਰੀਅਰ ‘ਚ ਹੁਣ ਤੱਕ 65 ਮੈਚ ਖੇਡੇ ਹਨ, ਜਿਸ ‘ਚ ਉਨ੍ਹਾਂ ਨੇ 78 ਵਿਕਟਾਂ ਹਾਸਲ ਕੀਤੀਆਂ ਹਨ। ਉਨ੍ਹਾਂ ਨੇ 2024 ਸੀਜ਼ਨ ਦੇ 14 ਮੈਚਾਂ ਵਿੱਚ 19 ਵਿਕਟਾਂ ਲਈਆਂ ਹਨ। ਅਰਸ਼ਦੀਪ ਦੀ ਮੌਜੂਦਗੀ ਆਈ.ਪੀ.ਐੱਲ. ਦੇ ਆਉਣ ਵਾਲੇ ਸੀਜ਼ਨ ‘ਚ ਗੇਮ ਚੇਂਜਰ ਸਾਬਤ ਹੋਵੇਗੀ।




# WHITE ROSE BUILDERS

*We do not build houses, We create homes...*

*Proudly Celebrating*

## 20 Years in Business



DREAMLINE HOMES

Turning dreams into reality

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER www.dbh.govt.nz BUILDING CONFIDENCE

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED